Vide R.N.I. No. Pun-Pun 2002/8323 ASR/0001/2024/26

ੴ ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

D.O.P. 15 Jan. 2025

ਅੰਕ: 161

ਅੰਦਰ ਪੜ੍ਹੋ ਜੀ

ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ ਧੰਨ ਭਾਈ ਨੰਦ ਲਾਲ ਜੀ

ਅੰਦਰ ਪੜ੍ਹੋ ਜੀ

ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

ਅੰਦਰ ਪੜ੍ਹੋ ਜੀ

ਗੁਰਸਿੱਖੀ ਦੀਆਂ ਛੇ ਨਿਸ਼ਾਨੀਆਂ



ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ

# ਭਾਵ ਭਿੰਨੀ ਸ਼ਰਧਾਂਜਲੀ



ਲੱਕੀ ਵੀਰ ਜੀ (ਕੁਰਾਲੀ ਵਾਲੇ)

*ਸੇਵਕ ਕਉ ਸੇਵਾ ਬਨਿਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥*

ਆਪਣੀਆਂ ਨਿਸ਼ਕਾਮ ਸੇਵਾਵਾਂ ਨਾਲ ਮਹਿਕ ਬਿਖੇਰਦੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਫੁਲਵਾੜੀ ਦੀ ਬਹੁਤ ਹੀ ਪਿਆਰੀ ਸ਼ਖਸੀਅਤ ਸ੍ਰ. ਰਵਿੰਦਰਪਾਲ ਸਿੰਘ ਜੀ ਜਿਨ੍ਹਾਂ ਨੂੰ ਸਾਰੇ ਪਿਆਰ ਨਾਲ ਲੱਕੀ ਵੀਰ ਜੀ ਕੁਰਾਲੀ ਵਾਲੇ ਕਹਿ ਕੇ ਸੰਬੋਧਿਤ ਕਰਦੇ ਸਨ, ਨਵੰਬਰ 2024 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਲੱਕੀ ਵੀਰ ਜੀ ਦੀ ਪਹਿਚਾਣ ਉਨ੍ਹਾਂ ਦੀ ਅਣਥੱਕ ਸੇਵਾ ਨਾਲ ਸੀ, ਉਨ੍ਹਾਂ ਦੀ ਪਹਿਚਾਣ ਵਿਸ਼ੇਸ਼ ਤੌਰ ਤੇ ਲੰਗਰ ਦੀ ਸੇਵਾ ਕਮਾਉਣ ਵਿੱਚ ਸੀ, ਉਨ੍ਹਾਂ ਦੀ ਪਹਿਚਾਣ ਹੋਰਨਾਂ ਨੂੰ ਸੇਵਾ ਦਾ ਰੰਗ ਲਗਾਉਣ ਵਿੱਚ ਸੀ। ਬੀਬੀ ਕੌਲਾਂ ਜੀ ਭਲਾਈ ਕੇਂਦਰ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਜੋ ਵੀ ਸੇਵਾ ਲਗਾਉਣੀ ਸਤਿ ਬਚਨ ਕਹਿ ਕੇ ਆਪਣੇ ਕਾਰੋਬਾਰ ਨੂੰ ਸੰਕੋਚ ਕੇ ਕੁਰਾਲੀ ਤੋਂ ਤਨ, ਮਨ ਅਤੇ ਧਨ ਨਾਲ ਓਤ ਪੋਤ ਸਾਰੀ ਨਿਸ਼ਕਾਮ ਟੀਮ ਨੂੰ ਨਾਲ ਲੈ ਕੇ ਜਿੱਥੇ-ਜਿੱਥੇ ਵੀ ਡਿਊਟੀ ਲੱਗਣੀ ਉੱਥੇ ਪਹੁੰਚ ਕੇ ਨਾਲ ਹੀ ਸੇਵਾ ਕਮਾਉਣ ਵਿੱਚ ਜੁੱਟ ਜਾਣਾ। ਇਹੋ ਜਿਹੀਆਂ ਸੇਵਾਵਾਂ ਕਮਾਉਣੀਆਂ ਹਰ ਕਿਸੇ ਦੇ ਹਿੱਸੇ ਨਹੀਂ ਆਉਂਦੀਆਂ, ਜਿਹੜੇ ਗੁਰੂ ਸਾਹਿਬ ਦੀ ਵਿਸ਼ੇਸ਼ ਨਦਰਿ ਦੇ ਪਾਤਰ ਬਣਦੇ ਹਨ, ਉਹ ਹੀ ਇਨ੍ਹਾਂ ਸੇਵਾਵਾਂ ਨੂੰ ਕਮਾ ਕੇ ਵਿਰਲਿਆਂ ਦੀ ਗਿਣਤੀ ਵਿੱਚ ਕੋਈ ਕੋਈ ਹੁੰਦੇ ਹਨ। ਲੱਕੀ ਵੀਰ ਜੀ ਉਨ੍ਹਾਂ ਵਿਰਲਿਆਂ ਵਿੱਚੋਂ ਇੱਕ ਸਨ ਜਿਨ੍ਹਾਂ ਤੇ ਗੁਰੂ ਸਾਹਿਬ ਜੀ ਦੀ ਵਿਸ਼ੇਸ਼ ਨਦਰਿ ਸੀ, ਮਹਾਂਪੁਰਸ਼ਾਂ ਦਾ ਬਖਸ਼ਿਸ਼ ਭਰਿਆ ਹੱਥ ਸੀ, ਕਮਾਈ ਵਾਲਿਆਂ ਦੀ ਪ੍ਰਸੰਨਤਾ ਉਨ੍ਹਾਂ ਦੇ ਨਾਲ ਸੀ। ਸਫਰ-ਏ-ਸ਼ਹਾਦਤ ਤੇ, ਨਾਨਕਸਰ ਅਤੇ ਭੁੱਚੋ ਸਾਹਿਬ ਬਾਬਾ ਜੀ ਦੀਆਂ ਬਰਸੀਆਂ ਤੇ, ਹਰ ਐਤਵਾਰ ਸ੍ਰੀ ਅੰਮ੍ਰਿਤਸਰ ਸਾਹਿਬ ਗੁ: ਸ਼ਹੀਦ ਗੰਜ ਸਾਹਿਬ ਵਿਖੇ ਚੁਪਹਿਰਾ ਸਾਹਿਬ ਵਿੱਚ ਹਾਜ਼ਰੀਆਂ ਭਰਦੀਆਂ ਸੰਗਤਾਂ ਤੇ ਹੋਰ ਜਿੱਥੇ-ਜਿੱਥੇ ਵੀ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਲੰਗਰ ਲਗਾਉਣ ਦੀਆਂ ਡਿਊਟੀਆਂ ਲੱਗਦੀਆਂ, ਬੱਸ ਉੱਥੇ ਪਹੁੰਚ ਜਾਣਾ। ਨਾ ਪਰਿਵਾਰਿਕ ਮੋਹ ਦਾ ਬੰਧਨ, ਨਾ ਸਮਾਜਿਕ ਰਿਸ਼ਤਿਆਂ ਦੀ ਪਰਵਾਹ, ਨਾ ਮੋਹ ਮਾਇਆ ਦਾ ਕੋਈ ਲਾਲਚ, ਬੱਸ ਅੰਦਰ ਇਹੀ ਖਿੱਚ ਹੋਣੀ ਕਿ ਕਿਤੇ ਗੁਰੂ ਸਾਹਿਬ ਆਪ ਹੀ ਤਰਸ ਕਰਕੇ ਮੇਰੇ ਤੋਂ ਸੇਵਾ ਲੈਣ ਤੇ ਇਨ੍ਹਾਂ ਸੇਵਾਵਾਂ ਨੂੰ ਕਰਦਿਆਂ, ਚਲਦੀਆਂ ਹੋਈਆਂ ਸੇਵਾਵਾਂ ਵਿੱਚੋਂ ਅੱਜ ਆਪਣੇ ਆਪ ਨੂੰ ਉਨ੍ਹਾਂ ਨੇ ਇਕਦਮ ਪਰ੍ਹੇ ਕਰ ਲਿਆ। ਅੱਜ ਸਰੀਰਿਕ ਤੌਰ ਤੇ ਭਾਵੇਂ ਲੱਕੀ ਵੀਰ ਜੀ ਸਾਡੇ ਵਿੱਚ ਨਹੀਂ ਪਰ ਸਾਡੇ ਜ਼ਿਹਨ ਵਿੱਚ, ਸਾਡੀਆਂ ਅੱਖਾਂ ਸਾਹਮਣੇ ਉਨ੍ਹਾਂ ਦਾ ਨੂਰਾਨੀ ਚਿਹਰਾ, ਉਨ੍ਹਾਂ ਦੇ ਰੱਬੀ ਰੰਗ ਵਿੱਚ ਭਿੱਜੇ ਬੋਲ, ਉਨ੍ਹਾਂ ਦੀ ਸੇਵਾ ਨਾਲ ਭਰਪੂਰ ਸ਼ਖਸੀਅਤ ਹਰ ਸਮੇਂ ਘੁੰਮਦੀ ਰਹੇਗੀ ਤੇ ਜਿੱਥੇ-ਜਿੱਥੇ ਵੀ ਸੇਵਾਵਾਂ ਵਿੱਚ ਉਨ੍ਹਾਂ ਦੀ ਹਾਜ਼ਰੀ ਰਹੀ, ਉਨ੍ਹਾਂ ਸੇਵਾਵਾਂ ਵਿੱਚ ਖਾਸ ਕਰਕੇ ਉਨ੍ਹਾਂ ਦੀ ਮੌਜੂਦਗੀ ਸਾਨੂੰ ਹਰ ਸਮੇਂ ਅਹਿਸਾਸ ਦਿਵਾਉਂਦੀ ਰਹੇਗੀ। ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਇਹੀ ਬੇਨਤੀ ਹੈ ਕਿ ਉਹ ਸਾਰੇ ਪਰਿਵਾਰ, ਬੀਬੀ ਕੌਲਾਂ ਜੀ ਭਲਾਈ ਕੇਂਦਰ ਫੁਲਵਾੜੀ ਅਤੇ ਸਮੂਹ ਸਾਧ ਸੰਗਤ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਅਤੇ ਉਨ੍ਹਾਂ ਦੇ ਪਾਏ ਹੋਏ ਪੂਰਨਿਆਂ ਤੇ ਚੱਲਣ ਦੀ ਸਮਰੱਥਾ ਬਖਸ਼ਿਸ਼ ਕਰਨ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-161ਵਾਂ (2025)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਦਸਵੇਂ ਪਾਤਸ਼ਾਹ ਜੀ ਨੇ ਪਹਿਲਾ ਉਪਦੇਸ਼ ਭਾਈ ਨੰਦ ਲਾਲ ਜੀ ਨੂੰ ਕੀ ਦਿੱਤਾ? 5
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 14
- ਨੌਂਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 15
- ਜ਼ਿੰਦਗੀ ਦੀਆਂ ਬਰੀਕੀਆਂ 17
- ਅਧਿਆਤਮਿਕ ਵਿਚਾਰਾਂ 19
- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 20
- ਗੁਰਸਿੱਖੀ ਦੀਆਂ ਛੇ ਨਿਸ਼ਾਨੀਆਂ 23
- ਅਨਮੋਲ ਬਚਨ 30
- 400 ਸਾਲ ਗੁਰ ਇਤਿਹਾਸ ਦੇ ਨਾਲ 31
- खीसा कलगियाँ वाले का हाथ बाबा दीप सिंघ जी का 33
- जिंदगी की बारीकियाँ 40
- Blessed Honour of Salvation Givers to the Forty Singhs 42
- My Satguru is the Benefactor of All 48

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
-ਸੰਪਾਦਕ

# ਸੰਪਾਦਕੀ

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਾਵਨ ਬਾਣੀ ਵਿੱਚ ਕੁਦਰਤੀ ਸਰੋਤਾਂ ਦੀ ਵਡਿਆਈ, ਇਨ੍ਹਾਂ ਦੀ ਸੰਭਾਲ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਸਾਡੇ ਕੁਦਰਤੀ ਸਰੋਤ ਜਿਨ੍ਹਾਂ ਵਿੱਚ ਮੁੱਖ ਤੌਰ ਤੇ ਸਾਡੇ ਦਰਿਆ, ਸਾਡੀਆਂ ਝੀਲਾਂ, ਸਾਡੀਆਂ ਨਦੀਆਂ ਸ਼ਾਮਲ ਹਨ ਤੇ ਜਿਨ੍ਹਾਂ ਨੂੰ ਕਈ ਧਰਮਾਂ ਦੇ ਲੋਕ ਆਸਥਾ ਰੱਖ ਕੇ ਪੂਜਦੇ ਹਨ, ਉਨ੍ਹਾਂ ਨੂੰ ਪਲੀਤ ਕਰਨ ਦਾ ਰੁਝਾਨ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਵੱਧ ਰਿਹਾ ਹੈ, ਜਿਸ ਕਾਰਨ ਕਈ ਭਿਆਨਕ ਬਿਮਾਰੀਆਂ ਮਨੁੱਖੀ ਸਰੀਰ ਨੂੰ ਚਿੰਬੜਦੀਆਂ ਜਾ ਰਹੀਆਂ ਹਨ। ਦਰਿਆਵਾਂ ਦੇ ਪਲੀਤ ਹੋਣ ਨਾਲ ਜਿੱਥੇ ਪੀਣ ਵਾਲੇ ਪਾਣੀ ਦੀ ਸਮੱਸਿਆ ਖੜ੍ਹੀ ਹੋਈ ਹੈ, ਸਿੰਜਾਈ ਸਾਧਨਾਂ ਵਿੱਚ ਘਾਟ ਆਈ ਹੈ ਉੱਥੇ ਇਨ੍ਹਾਂ ਵਿੱਚ ਕੈਮੀਕਲਜ਼ ਅਤੇ ਸੀਵਰੇਜ ਦੀ ਭਰਪੂਰ ਮਾਤਰਾ ਪੈਣ ਨਾਲ ਇਹ ਗੰਦੇ ਨਾਲਿਆਂ ਦਾ ਰੂਪ ਧਾਰ ਗਏ ਹਨ। ਸਾਡੇ ਪੰਜਾਬ ਵਿੱਚ ਵਗਦੇ ਤਿੰਨ ਦਰਿਆ ਸਤਲੁਜ, ਬਿਆਸ ਤੇ ਰਾਵੀ ਜਿਨ੍ਹਾਂ ਨੂੰ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ, ਅੱਜ ਨਿਰਮਲ ਚਸ਼ਮਿਆਂ ਦੀ ਧਾਰ ਦੀ ਜਗ੍ਹਾ ਬਦਬੂ ਦਾ ਘਰ ਬਣ ਚੁੱਕੇ ਹਨ। ਧਰਤੀ ਹੇਠਲਾ ਪਾਣੀ ਲਗਾਤਾਰ ਹੇਠਾਂ ਜਾਣ ਅਤੇ ਦਰਿਆਵਾਂ ਵਿੱਚ ਪਾਣੀ ਦਾ ਗੰਧਲਾ ਹੋਣ ਕਾਰਨ ਕੈਂਸਰ ਸਮੇਤ ਅਨੇਕਾਂ ਖਤਰਨਾਕ ਬਿਮਾਰੀਆਂ ਦੇ ਕਈ ਭਿਆਨਕ ਰੂਪ ਸਾਹਮਣੇ ਆ ਰਹੇ ਹਨ। ਜਿਨ੍ਹਾਂ ਨਦੀਆਂ ਦੇ ਕੰਢੇ ਤੇ, ਜਿਨ੍ਹਾਂ ਦਰਿਆਵਾਂ ਦੇ ਕਿਨਾਰੇ ਰਿਸ਼ੀ, ਮੁਨੀ ਤਪੱਸਵੀ, ਬੰਦਗੀ ਵਿੱਚ ਲੀਨ ਹੁੰਦੇ ਸਨ, ਅਕਾਲ ਪੁਰਖ ਦੇ ਚਰਨਾਂ ਨਾਲ ਜੁੜਦੇ ਸਨ, ਅੱਜ ਉਨ੍ਹਾਂ ਦੇ ਕਿਨਾਰੇ ਤਾਂ ਇੱਕ ਪਾਸੇ ਕਈ ਕੋਹਾਂ ਤੱਕ ਉਨ੍ਹਾਂ ਦਰਿਆਵਾਂ, ਉਨ੍ਹਾਂ ਨਦੀਆਂ ਕੋਲੋਂ ਲੰਘਣਾ ਵੀ ਮੁਸ਼ਕਲ ਹੋ ਗਿਆ ਹੈ।

ਅੱਜ ਕੱਲ੍ਹ ਆਮ ਕਿਹਾ ਜਾਂਦਾ ਹੈ ਕਿ ਅੱਜ ਦਾ ਇਨਸਾਨ ਪਹਿਲਾਂ ਨਾਲੋਂ ਬਹੁਤ ਸਮਝਦਾਰ ਹੋ ਗਿਆ ਹੈ ਪਰ ਕੀ ਇਹ ਸਮਝਦਾਰੀ ਸਾਨੂੰ ਇਸ ਗੱਲ ਦੀ ਇਜਾਜ਼ਤ ਦਿੰਦੀ ਹੈ ਕਿ ਅਸੀਂ ਆਪਣੇ ਹੀ ਕੁਦਰਤੀ ਸਰੋਤਾਂ ਨੂੰ ਖਤਮ ਕਰਨ ਵਾਲੇ ਪਾਸੇ ਤੁਰ ਪਈਏ। ਉੱਚੇ-ਉੱਚੇ ਪਰਬਤਾਂ ਵਿੱਚੋਂ ਨਿਕਲਦੀਆਂ ਸੁੰਦਰ ਚਸ਼ਮਿਆਂ ਦੇ ਵਹਿਣ ਜਦੋਂ ਦਰਿਆਵਾਂ ਦਾ ਰੂਪ ਧਾਰ ਕੇ ਬੇਸ਼ਕੀਮਤੀ ਜੜ੍ਹੀਆਂ ਬੂਟੀਆਂ ਨਾਲ ਟਕਰਾਉਂਦੇ ਹੋਏ, ਔਸ਼ਧੀਆਂ ਨਾਲ ਭਰਪੂਰ ਅੰਮ੍ਰਿਤ ਬਣ ਕੇ ਜਦੋਂ ਸਾਡੇ ਤੱਕ ਪਹੁੰਚਦੇ ਹਨ ਤਾਂ ਅਸੀਂ ਉਨ੍ਹਾਂ ਤੋਂ ਲਾਹਾ ਤਾਂ ਕੀ ਲੈਣਾ, ਆਪਣੀ ਗੰਦਗੀ ਇਨ੍ਹਾਂ ਵਿੱਚ ਰਲਾ ਕੇ ਇਨ੍ਹਾਂ ਨਿਰਮਲ ਧਾਰਾਵਾਂ ਨੂੰ ਦੂਸ਼ਿਤ ਕਰ ਰਹੇ ਹਾਂ ਤੇ ਇਸ ਦਾ ਨੁਕਸਾਨ ਕਿਸੇ ਹੋਰ ਨੂੰ ਨਹੀਂ ਹੁੰਦਾ, ਸਾਨੂੰ ਆਪਣੇ ਆਪ ਨੂੰ ਹੀ ਹੁੰਦਾ ਹੈ। ਜਿਨ੍ਹਾਂ ਦਰਿਆਵਾਂ ਵਿੱਚ ਗੁਰੂ ਸਾਹਿਬਾਨ ਨੇ ਕਈ-ਕਈ ਵਰ੍ਹੇ ਇਸ਼ਨਾਨ ਕੀਤਾ ਹੋਵੇ, ਉਹ ਕਿੰਨੇ ਪਵਿੱਤਰ ਹੋਣਗੇ, ਇਹ ਤਾਂ ਜਲ ਅੰਮ੍ਰਿਤ ਬਣ ਗਿਆ ਹੋਵੇਗਾ ਪਰ ਕਦੀ ਅਸੀਂ ਸੋਚਿਆ ਹੈ ਕਿ ਇਨ੍ਹਾਂ ਨੂੰ ਦੂਸ਼ਿਤ ਕਰਕੇ ਕੋਈ ਬੇਅਦਬੀ ਤਾਂ ਨਹੀਂ ਕਰ ਰਹੇ, ਕੋਈ ਅਨਿਆਂ ਤਾਂ ਨਹੀਂ ਕਰ ਰਹੇ। ਅੱਜ ਇਸ ਪਾਸੇ ਸੋਚਣ ਦੀ ਲੋੜ ਹੈ। ਅੱਜ ਹਰ ਇਨਸਾਨ, ਬੱਚੇ ਤੋਂ ਲੈ ਕੇ ਬਜ਼ੁਰਗ ਤੱਕ, ਹਰ ਵੀਰ, ਹਰ ਭੈਣ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ ਤੇ ਇਨ੍ਹਾਂ ਨੂੰ ਸਾਫ ਕਰਨ ਲਈ ਇੱਕ-ਇੱਕ ਨਾਗਰਿਕ ਨੂੰ ਆਪਣੇ ਫਰਜ਼ਾਂ ਦੀ ਪਛਾਣ ਕਰਨੀ ਹੋਵੇਗੀ।

ਅਸੀਂ ਬਾਹਰ ਵਿਦੇਸ਼ਾਂ ਦੀ ਮਿਸਾਲ ਦਿੰਦੇ ਹਾਂ ਕਿ ਉੱਥੇ ਝੀਲਾਂ ਦਾ ਪਾਣੀ ਕਿੰਨਾ ਨਿਰਮਲ ਹੈ, ਕਿੰਨਾ ਸਾਫ ਹੈ। ਪਾਣੀ ਤਾਂ ਉਹੋ ਹੀ ਹੈ ਤੇ ਕੀ ਅਸੀਂ ਆਪਣੀਆਂ ਝੀਲਾਂ ਨੂੰ ਸਾਫ ਨਹੀਂ ਰੱਖ ਸਕਦੇ, ਇਨ੍ਹਾਂ ਨੂੰ ਨਿਰਮਲ ਨਹੀਂ ਕਰ ਸਕਦੇ। ਆਓ, ਫਿਰ ਇਕੱਠੇ ਹੋ ਕੇ ਹੰਭਲਾ ਮਾਰੀਏ, ਇਸ ਪਾਸੇ ਇੱਕ ਜੁੱਟ ਹੋਈਏ। ਅੱਜ ਤੋਂ ਇਹ ਪ੍ਰਣ ਕਰੀਏ ਕਿ ਅਸੀਂ ਕੋਈ ਵੀ ਗੰਦਾ ਪਾਣੀ ਆਪਣੀਆਂ ਝੀਲਾਂ ਵਿੱਚ ਨਹੀਂ ਪੈਣ ਦੇਣਾ। ਜਾਨ ਤੋਂ ਵੱਧ ਇਨ੍ਹਾਂ ਨੂੰ ਸਾਫ ਰੱਖਣਾ ਹੈ। ਆਪਣੀਆਂ ਫੈਕਟਰੀਆਂ, ਆਪਣੇ ਉਦਯੋਗਾਂ, ਆਪਣੇ ਸੀਵਰੇਜ ਦਾ ਗੰਦਾ ਪਾਣੀ ਦਰਿਆਵਾਂ ਵਿੱਚ ਪਾਉਣ ਤੋਂ ਰੋਕਣਾ ਹੈ। ਸਭ ਦਾ ਇਸ ਪਾਸੇ ਪਾਇਆ ਹੋਇਆ ਹੰਭਲਾ ਹੀ ਇਨ੍ਹਾਂ ਕੁਦਰਤੀ ਸਰੋਤਾਂ ਨੂੰ ਬਚਾਉਣ ਵਿੱਚ ਸਫਲ ਹੋਵੇਗਾ। ਅੱਜ ਘਰ-ਘਰ ਵਿੱਚੋਂ ਇਹ ਹੋਕਾ ਨਿਕਲੇ ਕਿ ਅਸੀਂ ਆਪਣੇ ਦਰਿਆਵਾਂ ਨੂੰ ਗੰਦਲਾ ਨਹੀਂ ਹੋਣ ਦੇਣਾ, ਇਹ ਇੱਕ ਮਿਸ਼ਨ ਬਣੇ ਤੇ ਫਿਰ ਇਹ ਮਿਸ਼ਨ ਲਹਿਰ ਦਾ ਰੂਪ ਧਾਰਨ ਕਰੇ ਤੇ ਜਦੋਂ ਇਹ ਸਾਰੇ ਕੁਦਰਤੀ ਸਰੋਤ ਸਵੱਛ ਹੋ ਜਾਣਗੇ ਤੇ ਹਰ ਮੁੱਖ ਵਿੱਚੋਂ ਇਹ ਅਵਾਜ਼ ਆਵੇਗੀ :

***ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥੧॥ ਰਹਾਉ ॥***

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

# ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ ਧੰਨ ਭਾਈ ਨੰਦ ਲਾਲ ਜੀ

(VCD 537)

# ਦਸਵੇਂ ਪਾਤਸ਼ਾਹ ਜੀ ਨੇ ਪਹਿਲਾ ਉਪਦੇਸ਼ ਭਾਈ ਨੰਦ ਲਾਲ ਜੀ ਨੂੰ ਕੀ ਦਿੱਤਾ?

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 154 ਅੰਕ ਤੋਂ—"ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰਿਆਂ ਵਿੱਚੋਂ- ਧੰਨ ਭਾਈ ਨੰਦ ਲਾਲ ਜੀ ਦੇ ਜੀਵਨ ਤੇ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

*—ਸੰਪਾਦਕ*

*ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।*
*ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।*
*ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।*
*ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।*
*ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।*
*ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥*

*(ਵਾਰ ੧੯, ਪਉੜੀ ੧੨)*

ਸਾਧ ਸੰਗਤ ਜੀ, ਇੱਕ ਪ੍ਰਕਰਨ ਦੀ ਸਤਿਗੁਰੂ ਜੀ ਤਰਸ ਕਰਕੇ ਸੇਵਾ ਲੈ ਰਹੇ ਹਨ। ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ ਤੇ ਆਪਾਂ ਦਰਸ਼ਨ ਕਰ ਰਹੇ ਹਾਂ, ਇੱਕ ਬਖਸ਼ੀ ਰੂਹ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਨਾਲ ਰੰਗੀ ਰੂਹ ਜਿਨ੍ਹਾਂ ਦਾ ਨਾਮ ਲੈਂਦੇ ਹੀ ਅੰਦਰ ਠੰਡ ਪੈਂਦੀ ਹੈ।

**ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ :**

***ਧੰਨ ਭਾਈ ਨੰਦ ਲਾਲ ਜੀ।***

ਜਿਨ੍ਹਾਂ ਦਾ ਜੀਵਨ ਪੜ੍ਹੀਏ ਤੇ ਉਨ੍ਹਾਂ ਦੇ ਜੀਵਨ ਵਿੱਚੋਂ ਕੀ ਖੁਸ਼ਬੂ ਆਵੇਗੀ, ਕੀ ਭਾਵਨਾ ਸੀ ਉਨ੍ਹਾਂ ਦੀ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਤੀ, ਆਓ ਗੁਰਬਾਣੀ ਰਾਹੀਂ ਦਰਸ਼ਨ ਕਰੀਏ, ਸਾਰੇ ਕਿਰਪਾ ਕਰੋ :

*ਗੁਰੁ ਮੇਰੀ ਪੂਜਾ ਗੁਰੁ ਗੋਬਿੰਦੁ ॥*
*ਗੁਰੁ ਮੇਰਾ ਪਾਰਬ੍ਰਹਮੁ ਗੁਰੁ ਭਗਵੰਤੁ ॥*
*ਗੁਰੁ ਮੇਰਾ ਦੇਉ ਅਲਖ ਅਭੇਉ ॥*
*ਸਰਬ ਪੂਜ ਚਰਨ ਗੁਰ ਸੇਉ ॥੧॥*
*ਗੁਰ ਬਿਨੁ ਅਵਰੁ ਨਾਹੀ ਮੈ ਥਾਉ ॥*
*ਅਨਦਿਨੁ ਜਪਉ ਗੁਰੂ ਗੁਰ ਨਾਉ ॥੧॥ ਰਹਾਉ ॥*

*ਗੁਰੁ ਮੇਰਾ ਗਿਆਨੁ ਗੁਰੁ ਰਿਦੈ ਧਿਆਨੁ ॥*
*ਗੁਰੁ ਗੋਪਾਲੁ ਪੁਰਖੁ ਭਗਵਾਨੁ ॥*
*ਗੁਰ ਕੀ ਸਰਣਿ ਰਹਉ ਕਰ ਜੋਰਿ ॥*
*ਗੁਰੂ ਬਿਨਾ ਮੈ ਨਾਹੀ ਹੋਰੁ ॥੨॥*
*ਗੁਰੁ ਬੋਹਿਥੁ ਤਾਰੇ ਭਵ ਪਾਰਿ ॥*
*ਗੁਰ ਸੇਵਾ ਜਮ ਤੇ ਛੁਟਕਾਰਿ ॥*
*ਅੰਧਕਾਰ ਮਹਿ ਗੁਰ ਮੰਤ੍ਰੁ ਉਜਾਰਾ ॥*
*ਗੁਰ ਕੈ ਸੰਗਿ ਸਗਲ ਨਿਸਤਾਰਾ ॥੩॥*
*ਗੁਰੁ ਪੂਰਾ ਪਾਈਐ ਵਡਭਾਗੀ ॥*
*ਗੁਰ ਕੀ ਸੇਵਾ ਦੂਖੁ ਨ ਲਾਗੀ ॥*
*ਗੁਰ ਕਾ ਸਬਦੁ ਨ ਮੇਟੈ ਕੋਇ ॥*
*ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥*

*(ਅੰਗ ੮੬੪)*

ਹੁਣ ਉੱਪਰ ਸ਼ਬਦ ਵਿੱਚ ਪੰਕਤੀ ਆਈ ਹੈ:

*ਗੁਰ ਕੀ ਸਰਣਿ ਰਹਉ ਕਰ ਜੋਰਿ ॥*

*(ਅੰਗ ੮੬੪)*

ਇੱਥੇ ਜ਼ੋਰ ਦਾ ਅਰਥ ਜੁੜਨਾ ਵੀ ਹੈ, ਇੱਥੇ ਜ਼ੋਰ ਦੇ ਅਰਥ ਹਨ, ਬੰਨ੍ਹ ਕੇ ਖੀਰ ਜ਼ੋਰ ਨਾਲ ਵੀ ਖਾਣੀ ਪੈਂਦੀ ਹੈ ਤੇ ਖਾ ਲੈ। ਤੁਹਾਡੇ ਬੱਚੇ ਦਾ ਜਨਮ ਦਿਨ ਹੈ, ਘਰ ਦੇ ਪੰਜ ਮੈਂਬਰ ਹੋ। ਇੱਕ ਮਿੰਟ ਦੀ ਭਾਵੇਂ ਵਿਹਲ ਨਹੀਂ, ਫਿਰ ਵੀ ਅਰਦਾਸਾ ਸੋਧ ਦੇ, 10 ਦਿਨ ਹਾਲੇ ਹਨ ਤੇ ਆਪਾਂ ਰਲ ਕੇ 101 ਪਾਠ ਜਪੁ ਜੀ ਸਾਹਿਬ ਦੀ ਹਾਜ਼ਰੀ ਭਰਨੀ ਹੈ। ਇਹ ਬੰਨ੍ਹ ਕੇ ਖੀਰ ਖੁਆ।

*ਗੁਰ ਕੀ ਸਰਣਿ ਰਹਉ ਕਰ ਜੋਰਿ ॥*

*(ਅੰਗ ੮੬੪)*

ਇੱਥੇ ਜ਼ੋਰ ਦਾ ਅਰਥ ਹੈ, ਗੁਰੂ ਦੀ ਸ਼ਰਨ ਵਿੱਚ ਆਉਣਾ। ਦੂਜਾ ਅਰਥ ਕਰ ਲਈਏ, ਜੇ ਜ਼ੋਰ ਨਾਲ ਵੀ ਘਰ ਵਿੱਚ ਧਾਰਮਿਕ ਮਾਹੌਲ, ਪਿਆਰ ਵਿੱਚ ਬਣਦਾ ਹੈ, ਬਾਣੀ ਪੜ੍ਹੀ ਜਾਂਦੀ ਹੈ ਤੇ ਕੋਈ ਹਰਜ ਨਹੀਂ।

*ਗੁਰ ਕੀ ਸਰਣਿ ਰਹਉ ਕਰ ਜੋਰਿ ॥*
*ਗੁਰੂ ਬਿਨਾ ਮੈ ਨਾਹੀ ਹੋਰੁ ॥੨॥*

*(ਅੰਗ ੮੬੪)*

ਹੁਣ ਅੱਗੇ ਸ਼ਬਦ ਵਿੱਚ ਨਾਨਕੁ ਸ਼ਬਦ ਦੋ ਵਾਰੀ ਆਇਆ ਹੈ।

*ਗੁਰ ਕਾ ਸਬਦੁ ਨ ਮੇਟੈ ਕੋਇ ॥*
*ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥*

*(ਅੰਗ ੮੬੪)*

ਇਸ ਪੰਕਤੀ ਵਿੱਚ ਕਿੰਨੀ ਬਰੀਕੀ, ਕਿੰਨੀ ਵੱਡੀ ਸਚਾਈ ਛੁਪੀ ਪਈ ਹੈ। ਤਕਰੀਬਨ ਹਰ ਸ਼ਬਦ ਦੇ ਅਖੀਰ ਵਿੱਚ ਨਾਨਕ ਸ਼ਬਦ ਇੱਕ ਵਾਰੀ ਆਉਂਦਾ ਹੈ। ਇਸ ਸ਼ਬਦ ਵਿੱਚ ਨਾਨਕ ਸ਼ਬਦ ਦੋ ਵਾਰੀ ਆਇਆ ਹੈ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਖੁੱਲ੍ਹ ਕੇ ਕਹਿ ਦਿੱਤਾ।

*ਗੁਰ ਕਾ ਸਬਦੁ ਨ ਮੇਟੈ ਕੋਇ ॥*
*ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥*

*(ਅੰਗ ੮੬੪)*

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਹਰੀ ਹਨ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਪਰਮੇਸ਼ਰ ਹਨ। ਤੈਨੂੰ ਕਿਤੇ ਭਟਕਣ ਦੀ ਲੋੜ ਨਹੀਂ। ਜੋ ਉਨ੍ਹਾਂ ਨੇ ਦਸਵੇਂ ਜਾਮੇ ਵਿੱਚ ਆ ਕੇ ਪੰਜਾਂ ਪਿਆਰਿਆਂ ਰਾਹੀਂ ਸ਼ਬਦ ਦੀ ਬਖਸ਼ਿਸ਼ ਕੀਤੀ, ਉਸ ਸ਼ਬਦ ਦੀ ਕਮਾਈ ਕਰ। ਉਸ ਸ਼ਬਦ ਦੀ ਕਮਾਈ ਨੂੰ ਅੱਗ ਸਾੜ ਨਹੀਂ ਸਕਦੀ। ਭਾਈ ਨੰਦ ਲਾਲ ਜੀ ਦੇ ਜੀਵਨ ਦੇ ਦਰਸ਼ਨ ਕਰ ਰਹੇ ਹਾਂ ਤੇ ਉਨ੍ਹਾਂ ਦੀ ਭਾਵਨਾ ਬਾਜਾਂ ਵਾਲੇ ਪਿਤਾ ਜੀ ਪ੍ਰਤੀ ਇਹੀ ਸੀ ਕਿ ਹੇ ਦਸਵੇਂ ਪਾਤਸ਼ਾਹ ਜੀ! ਆਪ ਜੀ ਮੇਰੇ ਲਈ ਰੱਬ ਹੋ, ਆਪ ਜੀ ਹੀ ਮੇਰੇ ਲਈ ਪਾਰਬ੍ਰਹਮ ਸਰੂਪ ਹੋ। ਤੇਰੇ ਵਿੱਚੋਂ ਹੀ ਮੈਂ ਹਰੀ ਦੇ ਦਰਸ਼ਨ ਕਰਨੇ ਹਨ।

ਅਰਦਾਸ ਕਰੋ, ਭਾਈ ਨੰਦ ਲਾਲ ਜੀ ਦੇ

ਜੀਵਨ ਵਿੱਚੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਪਹਿਚਾਣਨ ਦਾ ਕਿਤੇ ਕਿਨਕਾ ਸਾਨੂੰ ਵੀ ਮਿਲ ਜਾਵੇ। ਇਸੇ ਜਨਮ ਵਿੱਚ ਉਨ੍ਹਾਂ ਨੂੰ ਪਹਿਚਾਣ ਲਈਏ। ਵਾਹਿਗੁਰੂ ਗੁਰਮੰਤਰ ਦਾ ਅਭਿਆਸ ਕਰ ਰਹੇ ਹਾਂ ਤੇ ਧਿਆਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਹੋਵੇ ਕਿ ਹੇ ਬਾਜਾਂ ਵਾਲੇ ਪਿਤਾ ਜੀ, ਤੇਰੇ ਵਿੱਚੋਂ ਹੀ ਮੈਂ ਰੱਬ ਦੇ ਦਰਸ਼ਨ ਕਰਨੇ ਹਨ।

***ਗੁਰ ਕਾ ਸਬਦੁ ਨ ਮੇਟੈ ਕੋਇ ॥***
***ਗੁਰੁ ਨਾਨਕੁ ਨਾਨਕੁ ਹਰਿ ਸੋਇ ॥੪॥੭॥੯॥***

*(ਅੰਗ ੮੬੪)*

ਇਸ ਨੂੰ ਪਾਣੀ ਡੋਬ ਨਹੀਂ ਸਕਦਾ। ਕੋਈ ਚੋਰ ਉਹ ਸ਼ਬਦ ਦੀ ਚੋਰੀ ਨਹੀਂ ਕਰ ਸਕਦਾ।

***ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥***
***ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥***

*(ਅੰਗ ੧੧੬੨)*

ਭਗਤ ਕਬੀਰ ਜੀ, ਕਿਵੇਂ ਜੰਜੀਰ ਟੁੱਟ ਗਈ ਪਰ ਪਾਣੀ ਵਿੱਚ ਨਹੀਂ ਡੁੱਬੇ। ਕਹਿੰਦੇ:

***ਕਹੁ ਕਬੀਰ ਅਖਰ ਦੁਇ ਭਾਖਿ ॥***
***ਹੋਇਗਾ ਖਸਮੁ ਤ ਲੇਇਗਾ ਰਾਖਿ ॥੩॥੩੩॥***

*(ਅੰਗ ੩੨੯)*

ਇਸ ਸ਼ਬਦ ਨੇ ਨਹੀਂ ਡੋਬਣ ਦਿੱਤਾ, ਇਸ ਨੇ ਬਚਾਅ ਲਿਆ।

***ਮਾਧਉ ਸਤਸੰਗਤਿ ਸਰਨਿ ਤੁਮ੍ਾਰੀ ॥***
***ਹਮ ਅਉਗਨ ਤੁਮ੍ ਉਪਕਾਰੀ ॥੧॥ ਰਹਾਉ ॥***

*(ਅੰਗ ੪੮੬)*

ਦਾਸ ਨਾਲ ਇੱਥੇ ਇਹ ਵੀ ਬੇਨਤੀ ਕਰਦਾ ਹੈ ਕਿ ਇਕੱਲੇ-ਇਕੱਲੇ ਦੀ ਬੇਨਤੀ ਨਾ ਕਰਨਾ, ਇਹ ਬੀਬੀ ਕੌਲਾਂ ਜੀ ਭਲਾਈ ਕੇਂਦਰ ਫੁਲਵਾੜੀ, ਸਾਰੇ ਬੇੜੇ ਦੀ ਬੇਨਤੀ ਕਰਨਾ। ਜਿੰਨੇ ਵੀਰਵਾਰ ਸਮਾਗਮ ਤੇ ਇਕੱਠੇ ਹੁੰਦੇ ਹਾਂ, ਸਾਰੇ ਬੇੜੇ ਦੀ ਬੇਨਤੀ ਕਰਨਾ। ਜਿਹੜੇ ਘਰਾਂ ਵਿੱਚ ਕੀਰਤਨ ਸੁਣਦੇ ਹਨ, ਉਨ੍ਹਾਂ ਦੀ ਵੀ ਬੇਨਤੀ। ਇਹੀ ਲਾਹਾ ਹੈ। ਇੱਕ ਥਰ੍ਹੀ ਵੀਲ੍ਹਰ ਵਿੱਚ ਦਸ ਭੈਣਾਂ ਸਮਾਗਮ ਵਿੱਚ ਆ ਰਹੀਆਂ ਹੋ, ਜੇ ਵਿੱਚੋਂ ਦੋ ਭੈਣਾਂ ਨੇ ਜਾਂ ਇੱਕ ਭੈਣ ਨੇ ਵੀ ਚੌਪਈ ਸਾਹਿਬ ਸ਼ੁਰੂ ਕਰ ਦਿੱਤੀ, ਬਾਕੀਆਂ ਦੇ ਵੀ ਕੰਨ ਪਵਿੱਤਰ ਹੋ ਜਾਂਦੇ ਹਨ। ਬਾਕੀਆਂ ਨੂੰ ਵੀ ਰੰਗ ਲੱਗ ਜਾਵੇਗਾ। ਲਾਭ ਹੀ ਇਹੀ ਹੈ। ਇਹ ਸਾਰੇ ਬੇੜੇ ਦੀ ਬੇਨਤੀ ਕਰੀਏ:

***ਮਾਧਉ ਸਤਸੰਗਤਿ ਸਰਨਿ ਤੁਮ੍ਾਰੀ ॥***
***ਹਮ ਅਉਗਨ ਤੁਮ੍ ਉਪਕਾਰੀ ॥੧॥ ਰਹਾਉ ॥***

*(ਅੰਗ ੪੮੬)*

ਰੱਖ ਲੈਣਾ ਸਾਡੀ ਲਾਜ, ਵਿੱਚ ਪਰਦੇਸਾਂ ਦੇ। ਸਾਡੀ ਨਿਭ ਜਾਏ, ਪਿਆਰੇ ਨਾਲ ਸਾਰੀ ਜਿੰਦੜੀ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸਾਰੀ ਫੁਲਵਾੜੀ ਤੇ ਕਿਰਪਾ ਕਰਨੀ। ਨਾਮ ਦਾ ਰਸ ਬਖਸ਼ਣਾ, ਨਾਮ ਦਾ ਪ੍ਰੇਮ ਬਖਸ਼ਣਾ, ਸੰਤੋਖੀ ਜੀਵਨ ਬਖਸ਼ਣਾ, ਚੰਗੇ ਹਾਂ, ਮੰਦੇ ਹਾਂ, ਆਪ ਜੀ ਦੇ ਹਾਂ, ਹੋਰ ਕੋਈ ਥਾਉਂ ਨਹੀਂ। ਕਿੰਨੇ ਮਹੀਨੇ ਸਮਾਂ ਪੈਣ ਤੇ ਵੀ ਬੇਦਾਵਾ ਪਾੜ੍ਹਨ ਵਾਲਿਆ, ਸਾਡੇ ਵੀ ਬੇਦਾਵੇ ਪਾੜ ਦੇਣਾ। ਤੇਰੇ ਬਿਨਾਂ ਥਾਂ ਕੋਈ ਨਹੀਂ।

ਇਸ ਦਾ ਸੁਆਦ ਹੀ ਬੜਾ ਹੈ। ਕਾਰ ਵਿੱਚ ਉਤਰਨ ਵੇਲੇ, ਕਾਰ ਵਿੱਚ ਚੜ੍ਹਨ ਵੇਲੇ, ਕਿਤੇ ਬੈਠਣ ਵੇਲੇ, ਕਿਸੇ ਪਾਰਟੀ ਵਿੱਚ ਜਾਣ ਵੇਲੇ, ਸਿੱਖ ਨੂੰ ਰੰਗ ਲੱਗ ਜਾਂਦਾ ਹੈ, ਕਿਹੜੇ ਢੰਗ ਨਾਲ ਬੈਠਾਂ, ਜਾਵਾਂ, ਆਵਾਂ, ਨਿਮਰਤਾ ਝੋਲੀ ਵਿੱਚੋਂ ਕਿਤੇ ਡਿੱਗ ਨਾ ਪਵੇ। ਇਸ ਦਾ ਰਸ ਬਹੁਤ ਹੈ। ਆਪਣੀ ਪੂਜਾ ਤੋਂ ਬਚ ਜਾਵਾਂ, ਆਪਣੀ ਸੋਭਾ ਤੋਂ ਬੱਚ ਜਾਵਾਂ, ਵਡਿਆਈ ਤੋਂ ਬੱਚ ਜਾਵਾਂ, ਇਹੀ ਗੁਰਮੁਖ ਦੀ ਰੀਝ ਹੁੰਦੀ ਹੈ। ਇਸ ਸਮੇਂ ਬਾਬਾ ਨੰਦ ਸਿੰਘ ਜੀ ਦੇ ਬਚਨ ਪੱਲੇ ਪੈ ਜਾਂਦੇ ਹਨ, ਮਾਣ ਦੇਣ ਦੀ ਚੀਜ਼ ਹੈ, ਲੈਣ ਦੀ ਨਹੀਂ। ਬਾਬਾ ਨੰਦ ਸਿੰਘ ਜੀ ਕਹਿੰਦੇ, ਜਿਸ ਦਿਨ ਤੈਨੂੰ ਮਾਣ ਦੇਣਾ ਆ ਗਿਆ, ਤੈਨੂੰ ਵੀ ਆਪੇ

ਹੀ ਮਿਲ ਜਾਵੇਗਾ। ਇਸ ਦਾ ਸੁਆਦ ਸਟੇਜ ਤੋਂ ਕੋਈ ਨਹੀਂ ਦੱਸ ਸਕਦਾ। ਜਦੋਂ ਬੀਤਦੀ ਹੈ, ਉਸ ਸਮੇਂ ਫਿਰ ਅਨੁਭਵ ਹੁੰਦਾ ਹੈ। ਇਹ ਗੁਰਸਿੱਖ ਦਾ, ਗੁਰਮੁਖ ਦਾ ਨਕਸ਼ਾ ਹੈ।

***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***

***(ਵਾਰ ੧੯, ਪਉੜੀ ੧੨)***

ਗੁਰਮੁਖ ਸੁੱਖ, ਫਲ ਨੂੰ ਪਾ ਵੀ ਲੈਂਦਾ ਹੈ ਤੇ ਆਪਣਾ ਆਪ ਉਹ ਇੱਥੇ ਰੱਖਦਾ ਹੈ, ਐਸਾ ਨਿਮਰਤਾ ਵਿੱਚ ਰੱਖਦਾ ਹੈ ਕਿ ਹਉਮੈ ਨੂੰ ਵੀ ਗਵਾ (ਖਤਮ) ਦਿੰਦਾ ਹੈ। ਹਰ ਪਲ, ਹਰ ਪੱਖ ਇਸ ਤਰ੍ਹਾਂ ਵਿਚਰਦਾ ਹੈ, ਦੁਨੀਆਂ ਵਿੱਚ, ਮੇਰੇ ਬਾਬਾ ਨਾਨਕ ਜੀ ਦੀ ਹਿਰਦੇ ਦੀ ਗਰੀਬੀ ਕਿਤੇ ਗੁਆਚ ਨਾ ਜਾਵੇ, ਮੇਰੇ ਸਤਿਗੁਰੂ ਜੀ ਦੀ ਦਿੱਤੀ ਹੋਈ ਨਿਮਰਤਾ ਕਿਤੇ ਮੇਰੇ ਪੱਲੇ ਵਿੱਚੋਂ ਡਿੱਗ ਨਾ ਪਵੇ। 'ਮੈਂ' ਵਰਗੀ ਬਦਬੂ ਜਿਹੜੀ ਕਈ ਜਨਮ ਫਿਰ ਸਾਨੂੰ ਅੱਗੋਂ ਲੈਣ ਲਈ ਮਜ਼ਬੂਰ ਕਰ ਦਿੰਦੀ ਹੈ, ਉਹ 'ਮੈਂ' ਕਿਤੇ ਮੇਰੇ ਨੇੜੇ ਨਾ ਆਵੇ।

***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***

***(ਵਾਰ ੧੯, ਪਉੜੀ ੧੨)***

ਸਾਰੀ ਸੰਗਤ, ਪੱਤੇ-ਪੱਤੇ ਵਿੱਚ ਵਸਣ ਵਾਲੇ ਬਾਜਾਂ ਵਾਲੇ ਦੇ ਪਿਆਰ ਵਿੱਚ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ।

ਭਾਈ ਨੰਦ ਲਾਲ ਜੀ ਜਦੋਂ ਪਹਿਲੀ ਵਾਰ ਗੁਰੂ ਕਲਗੀਧਰ ਪਿਤਾ ਜੀ ਦੇ ਦਰਸ਼ਨ ਕਰਕੇ ਵਾਪਸ ਆਏ ਹਨ, ਉਨ੍ਹਾਂ ਦੇ ਨੌਕਰ ਨੇ ਕਿਹਾ, ਅੱਜ ਖੁਸ਼ ਬੜੇ ਹੋ। ਅੱਗੋਂ ਭਾਈ ਨੰਦ ਲਾਲ ਜੀ ਕਹਿੰਦੇ, ਖੁਸ਼ ਕਿਉਂ ਨਾ ਹੋਵਾਂ, ਅੱਜ ਮੈਨੂੰ ਤਿੰਨਾਂ ਲੋਕਾਂ ਦਾ ਮਾਲਕ ਮਿਲ ਗਿਆ ਹੈ। ਦੂਜਾ ਬਚਨ ਕੀਤਾ, ਇੱਕ ਕਾਮਲ ਉਸਤਾਦ ਨੇ ਮੇਰੇ ਔਗੁਣ ਮੇਟ ਕੇ ਮੈਨੂੰ ਆਪਣੇ ਮਦਰੱਸੇ (ਵਿਦਿਆਲਯ) ਵਿੱਚ ਦਾਖਲਾ ਦੇ ਦਿੱਤਾ ਹੈ। ਤੀਜਾ ਬਚਨ, ਭਾਈ ਨੰਦ ਲਾਲ ਜੀ ਨੇ ਆਪਣੇ ਨੌਕਰ ਨੂੰ ਕਿਹਾ, ਅੱਜ ਮੇਰਾ ਨਵਾਂ ਜਨਮ ਹੋਇਆ ਹੈ। ਸਾਧ ਸੰਗਤ ਜੀ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਨੰਦ ਲਾਲ ਜੀ ਨੂੰ ਉਪਦੇਸ਼ ਦਿੱਤਾ ਕਿ ਦੋਵੇਂ ਵੇਲੇ ਸਤਿਸੰਗ ਸ਼ੁਰੂ ਕਰੋ। ਅੰਮ੍ਰਿਤ ਵੇਲੇ ਵੀ ਸਤਿਸੰਗ ਤੇ ਸੰਧਿਆ ਵੇਲੇ ਵੀ ਸਤਿਸੰਗ। ਸਤਿਗੁਰੂ ਜੀ ਦੇ ਕਹਿਣ ਤੇ ਭਾਈ ਨੰਦ ਜੀ ਨੇ ਸਤਿਸੰਗ ਕਰਨਾ ਸ਼ੁਰੂ ਕਰ ਦਿੱਤਾ। ਕੁਝ ਮਹੀਨੇ ਬੀਤ ਗਏ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬੁਲਾਇਆ ਤੇ ਸਤਿਗੁਰੂ ਜੀ ਕਹਿੰਦੇ, ਭਾਈ ਨੰਦ ਲਾਲ ਜੀ, ਹੁਣ ਜਗਤ ਵਿੱਚ ਜਾਓ, ਕਿਰਤ ਕਰੋ, ਵਿਚਰੋ। ਭਾਈ ਨੰਦ ਲਾਲ ਜੀ ਬਾਜਾਂ ਵਾਲੇ ਪਿਤਾ ਜੀ ਨੂੰ ਪੁੱਛਦੇ, ਕਹਿੰਦੇ ਕਿਧਰ ਜਾਵਾਂ? ਗੁਰੂ ਕਲਗੀਧਰ ਪਿਤਾ ਜੀ ਕਹਿੰਦੇ, ਚੱਲ ਪਓ, ਰਸਤਾ ਅਸੀਂ ਆਪੇ ਹੀ ਦੇ ਦੇਵਾਂਗੇ। ਤਕਦੀਰ ਦੇ ਰਾਹੀਂ ਰਸਤਾ ਆਪੇ ਹੀ ਮਿਲ ਜਾਵੇਗਾ। ਆਗਿਆ ਲਈ, ਆਗਿਆ ਲੈ ਕੇ ਹੁਣ ਚੱਲਣ ਲੱਗੇ, ਹੁਣ ਸਾਰੀ ਸੰਗਤ ਇਸ ਬਚਨ ਵੱਲ ਵਿਸ਼ੇਸ਼ ਧਿਆਨ ਦੇਣਾ। ਦਾਸ ਦੇ ਵੀ ਬੜਾ ਕੰਮ ਆਇਆ ਹੈ ਤੇ ਤੁਹਾਡੇ ਵੀ ਆਵੇਗਾ। ਬਖਸ਼ੀ ਰੂਹ ਭਾਈ ਵੀਰ ਸਿੰਘ ਜੀ, ਹੋਰ ਬਖਸ਼ੀਆਂ ਰੂਹਾਂ ਨੇ ਇਹ ਸਤਰ੍ਹਾਂ ਲਿਖੀਆਂ ਹਨ। ਜਦੋਂ ਭਾਈ ਨੰਦ ਲਾਲ ਜੀ ਤੁਰਨ ਲੱਗੇ ਤੇ ਬਾਜਾਂ ਵਾਲੇ ਪਿਤਾ ਜੀ ਨੇ ਆਵਾਜ਼ ਮਾਰ ਲਈ, ਨੰਦ ਲਾਲ ਜੀ, ਉਰੇ ਆਓ। ਭਾਈ ਨੰਦ ਲਾਲ ਜੀ ਕਹਿੰਦੇ, ਹਜ਼ੂਰ ਹੁਕਮ ਕਰੋ ਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਜਗਤ ਵਿੱਚ ਵਿਚਰਨ ਵੇਲੇ ਉਲਝਣ ਵਿੱਚ ਵੀ ਪੈ ਜਾਓ, ਇਸ ਦਾ ਮਤਲਬ ਹੈ ਕਿ ਗ੍ਰਹਿਸਥੀ ਜੀਵਨ ਵਿੱਚ ਜੋ ਉਲਝਣਾਂ ਚਲਦੀਆਂ ਹਨ। ਬਾਜਾਂ ਵਾਲੇ ਪਿਤਾ ਜੀ ਕਹਿੰਦੇ, ਜਗਤ ਵਿੱਚ ਵਿਚਰਨ ਵੇਲੇ ਜੇ ਕਿਸੇ ਉਲਝਣ ਵਿੱਚ ਵੀ ਪੈ ਜਾਓ ਪਰ ਸੁਰਤ ਨੂੰ ਸੁਲਝਿਆ ਰੱਖਣਾ। ਸੁਰਤ ਵਿੱਚੋਂ ਕਿਤੇ ਸ਼ਬਦ ਨੂੰ ਨਾ ਜਾਣ ਦੇਣਾ। ਸੁਰਤ ਨੂੰ ਸੁਲਝੀ ਰੱਖਣਾ। ਕਈ

ਰਾਈਟਰਾਂ ਨੇ ਇਸ ਨੂੰ ਹੋਰ ਢੰਗ ਨਾਲ ਲਿਖਿਆ ਹੈ। ਜਗਤ ਵਿੱਚ ਵਿਚਰਨ ਵੇਲੇ ਉਲਝਣਾਂ ਵਿੱਚ ਵੀ ਪੈ ਜਾਓ, ਪਰ ਆਪਣੀ ਸੁਰਤ ਸ੍ਰੀ ਅਨੰਦਪੁਰ ਸਾਹਿਬ ਰੱਖਿਓ। ਇਹ ਗੱਲਾਂ ਪਕੜਨ ਵਾਲੀਆਂ ਹਨ। ਕਿਹੜਾ ਤੁਹਾਡੇ ਵਿੱਚੋਂ ਬੈਠਾ ਹੈ ਜਿਸ ਤੇ ਦੁੱਖ ਤੇ ਸੁੱਖ ਨਹੀਂ ਚੱਲਦਾ।

***ਨਾਨਕ ਦੁਖੀਆ ਸਭੁ ਸੰਸਾਰੁ ॥***

*(ਅੰਗ ੯੫੪)*

ਸੁਰਤ ਜਿਹੜੀ ਹੈ, ਉਹ ਸਾਵਧਾਨ ਰਵ੍ਹੇ, ਸੁਰਤ ਸੁਲਝੀ ਰਵ੍ਹੇ। ਦਾਸ ਉਹ ਸੁਆਦ ਦੱਸ ਨਹੀਂ ਸਕਦਾ। ਸੁਰਤ ਨਾਲ ਵਿੱਚ ਰਵ੍ਹੇ। ਸੁਰਤ, ਉਲਝਣ ਵਿੱਚ ਕਿਤੇ ਸ਼ਬਦ ਨੂੰ ਨਾ ਭੁੱਲ ਜਾਵੇ। ਸੁਰਤ, ਉਲਝਣ ਵਿੱਚ ਕਿਤੇ ਸਾਈਂ ਤੋਂ ਨਾ ਟੁੱਟ ਜਾਵੇ। ਤੁਹਾਡੀ ਉਸ ਜੁੜੀ ਹੋਈ ਸੁਰਤ ਵਿੱਚੋਂ ਜਦੋਂ ਤਰਲਾ ਨਿਕਲਦਾ ਹੈ, ਉਦੋਂ ਤੁਹਾਡੀ ਉਲਝਣ ਨੂੰ ਮਿਟਾਉਣ ਲਈ ਗੁਰੂ ਸਾਹਿਬ ਦੀ ਕਲਾ ਵਰਤਦੀ ਹੈ। ਕੈਸੇ ਸਾਡੇ ਬਾਜਾਂ ਵਾਲੇ ਪਿਤਾ ਜੀ ਹਨ ਤੇ ਕੈਸੇ ਬਾਜਾਂ ਵਾਲੇ ਪਿਤਾ ਜੀ ਦੀਆਂ ਸਿਫਤਾਂ ਕਰਨ ਵਾਲੇ ਰਾਈਟਰ ਭਾਈ ਵੀਰ ਸਿੰਘ ਜੀ ਹਨ। ਇਹ ਬਾਬਾ ਨੰਦ ਸਿੰਘ ਜੀ ਦੇ ਬਚਨ ਹਨ। ਰਾਈਟਰ ਵੀ ਭਿੱਜਿਆ ਹੋਵੇ ਤਾਂ ਫਿਰ ਉਸਦੀ ਕਲਮ ਵਿੱਚੋਂ ਪਿਆਰ ਨਿਕਲਦਾ ਹੈ। ਕੈਸੇ ਸਾਡੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ। ਕਹਿੰਦੇ, ਭਾਈ ਨੰਦ ਲਾਲ ਜੀ, ਉਲਝਣ ਵਿੱਚ ਪੈ ਜਾਓ ਤੇ ਸੁਰਤ ਨੂੰ ਸੁਲਝਣ ਵਿੱਚ ਰੱਖਣਾ ਹੈ। ਸੁਰਤ ਨੂੰ ਸਾਵਧਾਨ ਰੱਖਣਾ ਹੈ। ਸੁਰਤ ਵਿੱਚੋਂ ਸ਼ਬਦ ਨਾ ਗੁਆਚਣ ਦੇਣਾ। ਫਿਰ ਸ਼ਬਦ ਰਾਹੀਂ ਤੁਹਾਡੀ ਉਲਝਣ ਦੂਰ ਹੋਵੇਗੀ। ਭਾਈ ਨੰਦ ਲਾਲ ਜੀ ਕਹਿੰਦੇ, ਸਤਿ ਬਚਨ, ਸਤਿਗੁਰੂ ਜੀ। ਕਾਫੀ ਰੂਹਾਂ ਸ਼ਾਇਦ ਸਮਝ ਗਈਆਂ ਹੋਣਗੀਆਂ। ਜਿਨ੍ਹਾਂ ਤੇ ਕਿਰਪਾ ਹੈ, ਉਨ੍ਹਾਂ ਦੇ ਘਰ ਵਿੱਚ ਕਿਸੇ ਵੇਲੇ, ਕਿਸੇ ਜੀਅ ਦੇ ਸੁਭਾਅ ਕਰਕੇ, ਮਾੜਾ ਜਿਹਾ ਕਲੇਸ਼ ਜਨਮ ਵੀ ਲੈਂਦਾ ਹੈ, ਉਨ੍ਹਾਂ ਦੇ ਮੁੱਖ ਵਿੱਚ ਸ਼ਬਦ ਹੋਰ ਤੇਜ਼ ਹੋ ਜਾਂਦਾ ਹੈ। ਦਾਸ ਕੀ ਸੁਆਦ ਦੱਸੇ। ਸੁਰਤ ਹੋਰ ਸਾਵਧਾਨ ਹੋ ਜਾਂਦੀ ਹੈ। ਇਹ ਚੀਜ਼ਾਂ ਕਿਥੋਂ ਹੋਰ ਨਹੀਂ ਲੱਭਣੀਆਂ। ਇਹ ਸਾਡੇ ਬਾਬਾ ਨਾਨਕ ਜੀ ਦਾ ਘਰ ਹੈ। ਮੇਰੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਆਪ ਜੀ ਨੇ ਇੱਕ ਭਾਈ ਨੰਦ ਲਾਲ ਜੀ ਨੂੰ ਰਸਤਾ ਨਹੀਂ ਦਿੱਤਾ, ਸਗੋਂ ਸਾਡੇ ਵਰਗੇ ਕਈਆਂ ਨੂੰ ਰਸਤਾ ਦੇ ਦਿੱਤਾ।

ਵੇਖੋ ਤਕਦੀਰ ਭਾਈ ਨੰਦ ਲਾਲ ਜੀ ਨੂੰ ਕਿੱਥੇ ਲੈ ਗਈ, ਆਗਰੇ। ਬਹਾਦਰ ਸ਼ਾਹ, ਔਰੰਗਜ਼ੇਬ ਦਾ ਪੁੱਤਰ। ਸਹਿਜ਼ਾਦਾ ਲਫਜ਼ ਲਿਖਿਆ ਹੈ, ਔਰੰਗਜ਼ੇਬ ਦਾ ਪੁੱਤਰ ਤੇ ਉਸ ਕੋਲ ਮੀਰ ਮੁਨਸ਼ੀ ਦੀ ਨੌਕਰੀ ਭਾਈ ਨੰਦ ਲਾਲ ਜੀ ਨੇ ਕਰ ਲਈ। ਮੀਰ ਮੁਨਸ਼ੀ ਹੁੰਦਾ ਹੈ, ਵੱਡਾ ਮੁਨਸ਼ੀ ਕਿਉਂਕਿ ਪੜ੍ਹਾਈ ਲਿਖਾਈ ਬਹੁਤ ਸੀ। ਰਾਜੇ ਮਹਾਰਾਜਿਆਂ ਨੂੰ ਗੁਣੀ ਬੰਦਿਆਂ ਦੀ ਲੋੜ ਹੁੰਦੀ ਹੈ। ਮੀਰ ਮੁਨਸ਼ੀ ਦੀ ਨੌਕਰੀ ਕਰ ਲਈ ਤੇ ਹੁਣ ਨੌਕਰੀ ਵੀ ਕਰਦੇ ਹਨ ਤੇ ਕਦੀ-ਕਦੀ ਵਿੱਚੋਂ ਪਰਿਵਾਰ ਨੂੰ ਵੀ ਮਿਲਣ ਚਲੇ ਜਾਂਦੇ ਹਨ। ਉਨ੍ਹਾਂ ਦੇ ਦੋ ਪੁੱਤਰ ਸਨ ਤੇ ਕਦੀ-ਕਦੀ ਪਰਿਵਾਰ ਨੂੰ ਵੀ ਮਿਲਣ ਚਲੇ ਜਾਂਦੇ ਹਨ, ਤੇ ਕਦੀ ਕਦੀ ਵਿੱਚੋਂ ਸ੍ਰੀ ਅਨੰਦਪੁਰ ਸਾਹਿਬ ਵੀ ਆ ਜਾਂਦੇ ਹਨ। ਦਰਸ਼ਨ ਕਰਕੇ ਫਿਰ ਕਿਰਤ ਨੂੰ ਚਲੇ ਜਾਂਦੇ ਹਨ। ਇਸ ਦੌਰਾਨ ਪਿਆਰ ਭਰੀਆਂ ਗਜ਼ਲਾਂ, ਵੈਰਾਗ ਵਿੱਚ ਅੰਦਰੋਂ ਨਿਕਲਦੀਆਂ ਸਨ। ਦੋ ਲਾਈਨਾਂ ਦੀ ਇੱਕ ਗਜ਼ਲ ਗਾ ਕੇ ਫਿਰ ਅੱਗੇ ਚਲਦੇ ਹਾਂ। ਆਗਰੇ ਵਿੱਚ ਬੈਠੇ ਹਨ ਤੇ ਕਿਤੇ ਕਲਮ ਹੱਥ ਵਿੱਚ ਹੋਣੀ ਹੈ:

***ਹੇ ਸਤਿਗੁਰੂ ਜੀ ਦੋਹਾਂ ਲੋਕਾਂ ਵਿੱਚ,***
***ਤੈਥੋਂ ਬਿਨਾਂ ਕੋਈ ਹੋਰ ਨਹੀਂ।***

ਇਹ ਫਾਰਸੀ ਵਿੱਚ ਹੈ ਪਰ ਇਸ ਦਾ ਪੰਜਾਬੀ ਵਿੱਚ ਉਲੱਥਾ ਹੈ। ਇਹ ਭਾਈ ਨੰਦ ਲਾਲ ਜੀ ਦੀਆਂ ਗਜ਼ਲਾਂ ਹਨ :

*ਹੇ ਸਤਿਗੁਰੂ ਜੀ ਦੋਹਾਂ ਲੋਕਾਂ ਵਿੱਚ,*
*ਤੈਥੋਂ ਬਿਨਾਂ ਕੋਈ ਹੋਰ ਨਹੀਂ।*
*ਨੰਦ ਲਾਲ ਦੇ ਦਿਲ ਵਿੱਚ ਵਸਣਾ,*
*ਲੋਕ ਪਰਲੋਕ ਦੀ ਲੋੜ ਨਹੀਂ।*

ਆਪ ਜੀ ਮਿਲ ਗਏ ਹੋ, ਹੁਣ ਲੋਕ ਪਰਲੋਕ ਦੀ ਚਿੰਤਾ ਨਹੀਂ ਹੈ।

*ਸਾਚੁ ਕਹੌਂ ਸੁਨ ਲੇਹੁ ਸਭੈ*
*ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥*
*(ਤ੍ਵ ਪ੍ਰਸਾਦਿ ਸ੍ਵਯੇ)*

ਇੱਥੇ ਰਾਈਟਰਾਂ ਨੇ ਤਿੰਨ ਚੀਜ਼ਾਂ ਲਿਖੀਆਂ ਹਨ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਮਹਾਂਕਵੀ ਭਾਈ ਸੰਤੋਖ ਸਿੰਘ ਜੀ ਦਾ ਲਿਖਿਆ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਆਗਰੇ ਵਿੱਚ ਤਿੰਨ ਚੀਜ਼ਾਂ ਭਾਈ ਨੰਦ ਲਾਲ ਜੀ ਕਵਰ ਕਰਦੇ ਸਨ। ਇੱਕ ਤਾਂ ਹਰ ਵੇਲੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਧਿਆਨ ਵਿੱਚ ਰਹਿੰਦੇ ਸੀ। ਇਹ ਚੀਜ਼ਾਂ ਪੱਲੇ ਬੰਨਣਾ। ਕਈ ਕਹਿੰਦੇ ਹਨ, ਧਿਆਨ ਨਹੀਂ ਧਰਨਾ ਚਾਹੀਦਾ। ਹਰ ਵੇਲੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਧਿਆਨ ਵਿੱਚ ਰਹਿੰਦੇ ਹਨ ਤੇ ਦੂਜਾ ਮਹਾਂਕਵੀ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ, ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ, ਜਿਹੜੀ ਦੂਜੀ ਚੀਜ਼ ਕਵਰ ਕੀਤੀ ਸੀ, ਉਹ ਸੀ, ਉਠਦੇ-ਬੈਠਦੇ ਨਾਮ ਸੰਭਾਲਦੇ ਸੀ। ਤੀਜੀ ਚੀਜ਼ ਲਿਖੀ ਹੈ, ਸਿੱਖੀ ਮਾਰਗ ਤੇ ਚੱਲਣ ਦਾ ਯਤਨ ਕਰਦੇ ਸੀ।

ਇੱਥੇ ਇੱਕ ਦਰੋਗਾ ਸੀ, ਭਾਈ ਵੀਰ ਸਿੰਘ ਜੀ ਨੇ ਗਿਆਸੂਦੀਨ ਨਾਂ ਲਿਖਿਆ ਹੈ। ਉਹ ਦਰੋਗਾ ਵੀ, ਇੱਥੇ ਆਗਰੇ ਭਾਈ ਨੰਦ ਲਾਲ ਜੀ ਦਾ ਸੇਵਕ ਬਣਿਆ ਪ੍ਰਭਾਵਿਤ ਹੋਇਆ ਤੇ ਦਾਸ ਨੂੰ ਇਹ ਵੀ ਕਹਿ ਲੈਣ ਦੇਣਾ ਕਿ ਭਾਈ ਨੰਦ ਲਾਲ ਜੀ ਦੀ ਅਸੀਸ ਸਦਕਾ, ਉਸ ਅੰਦਰ ਵੀ ਨਾਮ ਚਲਿਆ ਹੈ। ਉਸਨੂੰ ਵੀ ਰਸ ਆਇਆ ਹੈ। ਉਹ ਵੀ ਨਾਲ ਹੀ ਨੌਕਰੀ ਕਰਦਾ ਸੀ। ਇੱਕ ਕਚਹਿਰੀ ਹੁੰਦੀ ਹੈ, ਦੁਨਿਆਵੀ ਅਦਾਲਤ ਤੇ ਇੱਕ ਕਚਹਿਰੀ ਹੁੰਦੀ ਹੈ, ਧਾਰਮਿਕ। ਔਰੰਗਜ਼ੇਬ ਵੀ ਧਾਰਮਿਕ ਕਚਹਿਰੀ ਲਗਾਉਂਦਾ ਸੀ, ਉਸ ਵਿੱਚ ਧਾਰਮਿਕ ਵੀਚਾਰਾਂ ਹੁੰਦੀਆਂ ਸਨ। ਕਿਸੇ ਦੇ ਗੁਣ ਹੋਣ ਤਾਂ ਦੱਸਣੇ ਚਾਹੀਦੇ ਹਨ। ਉਸ ਨੇ ਕਚਹਿਰੀ ਲਗਾਉਣੀ, ਧਾਰਮਿਕ ਵਿਚਾਰਾਂ ਕਰਨੀਆਂ। ਕਈ ਕੁਰਾਨ ਦੀਆਂ ਆਈਤਾਂ ਦੇ ਅਰਥ, ਇੱਕ-ਦੂਜੇ ਨੇ ਸੁਣਾਉਣੇ। ਜੋ ਵੀ ਮੌਲਵੀ, ਪਿਆਰ ਵਾਲਿਆਂ ਨੇ ਬੈਠਣਾ। ਇੱਕ ਵਾਰੀ ਔਰੰਗਜ਼ੇਬ ਦੇ ਵੇਲੇ ਕੁਰਾਨ ਦੀਆਂ ਆਈਤ ਦੇ ਅਰਥ, ਹਰ ਕਿਸੇ ਨੇ ਆਪਣੇ-ਆਪਣੇ ਹਿਸਾਬ ਨਾਲ ਸੁਣਾਏ, ਪਰ ਔਰੰਗਜ਼ੇਬ ਦੀ ਤਸੱਲੀ ਨਾ ਹੋਈ। ਉਹ ਕਹਿਣ ਲੱਗਾ, ਮੇਰੀ ਤਸੱਲੀ ਨਹੀਂ ਹੋਈ ਤੇ ਬਹਾਦਰ ਸ਼ਾਹ ਕਹਿਣ ਲੱਗਾ, ਜੇ ਆਗਿਆ ਦਿਓ, ਮੇਰਾ ਇੱਕ ਮੀਰ ਮੁਨਸ਼ੀ ਹੈ, ਬੜਾ ਗੁਣੀ ਹੈ। ਤੁਸੀਂ ਕਹੋ ਤੇ ਮੈਂ ਉਸ ਨੂੰ ਕੁਰਾਨ ਦੀਆਂ ਆਈਤਾਂ ਦੇ ਅਰਥ ਕਰਨ ਲਈ ਸੱਦ ਲੈਂਦਾ ਹਾਂ। ਔਰੰਗਜ਼ੇਬ ਨੇ ਆਖਿਆ, ਹਾਂ। ਜਦੋਂ ਬਹਾਦਰ ਸ਼ਾਹ ਨੇ ਆਈਤ ਜਿਹੜੀ ਹੈ, ਭਾਈ ਨੰਦ ਲਾਲ ਜੀ ਨੂੰ ਦੱਸੀ, ਇਸ ਦੇ ਅਰਥ ਤੇ ਜਿਹੜੇ ਅਰਥ ਭਾਈ ਨੰਦ ਲਾਲ ਜੀ ਨੇ ਕੀਤੇ ਤੇ ਬਹਾਦਰ ਸ਼ਾਹ ਨੇ ਔਰੰਗਜ਼ੇਬ ਨੂੰ ਆ ਕੇ ਦੱਸੇ। ਇਤਿਹਾਸ ਵਿੱਚ ਲਿਖਿਆ ਹੈ ਕਿ ਔਰੰਗਜ਼ੇਬ ਅਸ਼-ਅਸ਼ ਕਰ ਉੱਠਿਆ, ਇੰਨੇ ਡੂੰਘੇ ਅਰਥ। ਇਸ ਨੂੰ ਮੂੰਹ ਮੰਗਿਆ ਇਨਾਮ ਦਿਓ। ਕਹਿਣ ਲੱਗਾ, ਤੁਸੀਂ ਆਪਣੇ ਮੁਨਸ਼ੀ ਨੂੰ ਮੂੰਹ ਮੰਗਿਆ ਇਨਾਮ ਦਿਓ। ਇੰਨੇ ਡੂੰਘੇ ਅਰਥ। ਰਸ ਆ ਗਿਆ। ਨਾਲ ਹੀ ਔਰੰਗਜ਼ੇਬ ਪੁੱਛਦਾ ਹੈ, ਉਸ ਦਾ ਨਾਂ ਕੀ ਹੈ? ਉਸ ਨੇ ਦੱਸਿਆ, ਨੰਦ ਲਾਲ। ਔਰੰਗਜ਼ੇਬ ਭਾਈ ਨੰਦ ਲਾਲ ਜੀ ਦਾ ਨਾਮ ਸੁਣ ਕੇ ਕਹਿਣ ਲੱਗਾ, ਇੰਨਾ ਗੁਣੀ ਬੰਦਾ, ਇਹ ਦੂਜੇ ਧਰਮ ਵਿੱਚ ਨਹੀਂ ਰਹਿਣਾ ਚਾਹੀਦਾ। ਪਹਿਲਾਂ ਕਹਿੰਦਾ ਸੀ ਕਿ ਇਨਾਮ ਦਿਓ। ਇੰਨੇ ਡੂੰਘੇ ਅਰਥ ਕੀਤੇ ਪਰ

ਜਦੋਂ ਨਾਂ ਦੱਸਿਆ ਤੇ ਕਹਿਣ ਲੱਗਾ ਕਿ ਇਸ ਨੂੰ ਜਾਂ ਤਾਂ ਇਸਲਾਮ ਵਿੱਚ ਲਿਆਓ ਜਾਂ ਫਿਰ ਜਾਨ ਤੋਂ ਮਾਰ ਦਿਓ। ਇੰਨਾ ਗੁਣੀ ਬੰਦਾ ਇਧਰ ਆਉਣਾ ਚਾਹੀਦਾ ਹੈ।

ਬਹਾਦਰ ਸ਼ਾਹ ਦਾ ਭਾਈ ਨੰਦ ਲਾਲ ਜੀ ਨਾਲ ਦਿਲੋਂ ਸਤਿਕਾਰ ਕਰਦਾ ਸੀ। ਕਹਿਣ ਲੱਗਾ, ਤੇਰੀ ਆਈਤ ਦਾ ਅਰਥ ਸੁਣ ਕੇ ਮੇਰਾ ਪਿਤਾ ਔਰੰਗਜ਼ੇਬ ਅਸ਼-ਅਸ਼ ਕਰ ਉੱਠਿਆ ਪਰ ਇਹ ਉਲਝਣ ਆ ਗਈ ਹੈ। ਉਸ ਨੇ ਆਰਡਰ ਦਿੱਤਾ ਹੈ ਕਿ ਜਾਂ ਫਿਰ ਇਸਲਾਮ ਕਬੂਲ ਕਰੋ ਜਾਂ ਫਿਰ ਮਰਵਾ ਦਿੱਤਾ ਜਾਏ। ਬਹਾਦਰ ਸ਼ਾਹ ਕਹਿਣ ਲੱਗਾ ਕਿ ਜੇ ਤੂੰ ਇਸਲਾਮ ਕਬੂਲ ਕਰਨਾ ਹੈ ਤੇ ਤੇਰੀ ਮਰਜ਼ੀ ਪਰ ਮੈਂ ਤੈਨੂੰ ਬਚਾਅ ਨਹੀਂ ਸਕਾਂਗਾ। ਜੇ ਤੂੰ ਨਿਕਲਣਾ ਚਾਹੁੰਦਾ ਹੈਂ ਤਾਂ ਨਿਕਲ ਜਾ। ਜਿਸ ਸਮੇਂ ਇਹ ਉਲਝਣ ਦਾ ਸਮਾਂ ਬਣਿਆ ਇਸੇ ਦੌਰਾਨ ਭਾਈ ਨੰਦ ਲਾਲ ਜੀ ਦਾ ਇੱਕ ਨੌਕਰ ਸੀ, ਕਿਸੇ ਕਾਰਨ ਉਸ ਦੀ ਵੀ ਮੌਤ ਹੋ ਗਈ। ਜਿਹੜਾ ਬੰਦਾ ਨਾਲ ਰਹਿਣ ਵਾਲਾ ਹੋਵੇ, ਉਹ ਵੀ ਚੜ੍ਹਾਈ ਕਰ ਜਾਵੇ ਤੇ ਉਧਰੋਂ ਨਾਲ ਉਲਝਣ ਵੀ ਆ ਜਾਵੇ ਤੇ ਭਾਈ ਨੰਦ ਲਾਲ ਜੀ ਦਾ ਮਨ ਅਪਸੈੱਟ ਹੋ ਗਿਆ ਕਿ ਇਸ ਨੌਕਰ ਦਾ ਬੜਾ ਆਸਰਾ ਸੀ, ਇਹ ਵੀ ਚੜ੍ਹਾਈ ਕਰ ਗਿਆ ਹੈ। ਮਨ ਅਪਸੈੱਟ ਹੋਣ ਦੀ ਦੇਰ ਸੀ ਤੇ ਨਾਲ ਹੀ ਮਨ ਨੂੰ ਗਿਆਨ ਦਿੱਤਾ, ਨਹੀਂ, ਮਨਾ ਨਹੀਂ, ਅਪਸੈੱਟ ਨਾ ਹੋ। ਨਿਆਸਰਿਆਂ ਦੇ ਆਸਰੇ ਗੁਰੂ ਕਲਗੀਧਰ ਪਿਤਾ ਜੀ ਹਨ, ਉਨ੍ਹਾਂ ਦੇ ਚਰਨਾਂ ਦਾ ਧਿਆਨ ਧਰ ਤੇ ਆਪੇ ਹੀ ਕਿਸੇ ਨੂੰ ਪ੍ਰੇਰਨਾ ਦੇ ਕੇ ਫਿਰ ਤੇਰੀ ਸੇਵਾ ਵਿੱਚ ਕਿਸੇ ਨਾ ਕਿਸੇ ਨੂੰ ਭੇਜ ਹੀ ਦੇਣਗੇ। ਕੁਝ ਮਿੰਟਾਂ ਲਈ ਅਪਸੈੱਟ ਹੋਇਆ ਤੇ ਨਾਲ ਹੀ ਆਖਿਆ, ਤੇਰੇ ਬਾਜਾਂ ਵਾਲੇ ਪਿਤਾ ਜੀ ਮਿੱਤਰ ਹਨ, ਨਿਆਸਰੇ ਦੇ ਆਸਰੇ ਨੂੰ ਬੇਨਤੀ ਕਰ ਤੇ ਉਹ ਆਪੇ ਹੀ ਬਿੱਧ ਬਣਾ ਦੇਣਗੇ। ਇੰਨੀ ਗੱਲ ਕਹਿ ਕੇ ਮਨ ਨੂੰ ਸਮਝਾ ਕੇ ਠਹਿਰਾਇਆ। ਇੱਕ ਘੰਟਾ ਨਹੀਂ ਬੀਤਿਆ, ਦਰੋਗਾ ਗਿਆਸੂਦੀਨ ਆ ਗਿਆ ਤੇ ਆ ਕੇ ਕਹਿਣ ਲੱਗਾ, ਮੈਂ ਇੱਕ ਪ੍ਰਣ ਕਰ ਆਇਆ ਹਾਂ, ਜਿੰਨੀ ਜ਼ਿੰਦਗੀ ਹੈ, ਮੈਂ ਤੁਹਾਡੀ ਸੇਵਾ ਵਿੱਚ ਬਿਤਾਉਣੀ ਹੈ। ਅੱਗੋਂ ਭਾਈ ਨੰਦ ਲਾਲ ਜੀ ਕਹਿੰਦੇ, ਤੂੰ ਨਹੀਂ ਆਇਆ। ਤੂੰ ਨਹੀਂ ਆਇਆ। ਮੇਰੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੇਰੇ ਹਿਰਦੇ ਤੇ ਬੈਠ ਕੇ ਤੈਨੂੰ ਭੇਜਿਆ ਹੈ, ਜਿਨ੍ਹਾਂ ਦੇ ਅੱਗੇ ਮੈਂ ਪੁਕਾਰ ਕੀਤੀ ਹੈ।

ਸੰਗਤ ਜੀ, ਇਹ ਦਰੋਗਾ ਗਿਆਸੂਦੀਨ ਤੇ ਭਾਈ ਨੰਦ ਲਾਲ ਜੀ, ਸ੍ਰੀ ਅਨੰਦਪੁਰ ਸਾਹਿਬ ਵਾਪਸ ਆਏ। ਇੱਥੇ ਨਕਸ਼ਾ ਹੋਰ ਵੀ ਹੈ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ, ਇਹ ਕੌਣ ਹੈ? ਭਾਈ ਨੰਦ ਲਾਲ ਜੀ ਕਹਿੰਦੇ, ਆਪੇ ਤਾਂ ਭੇਜਿਆ ਹੈ। ਪਹਿਲਾ ਨੌਕਰ ਚੜ੍ਹਾਈ ਕਰ ਗਿਆ ਹੈ ਤੇ ਇਹ ਸੇਵਾ ਵਿੱਚ ਆ ਗਿਆ ਹੈ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਰੋਗੇ ਨੂੰ ਚੈੱਕ ਕੀਤਾ। ਕਹਿਣ ਲੱਗੇ, ਪੁਰਖਾ! ਤੇਰਾ ਉਸਤਾਦ ਕੌਣ ਹੈ? ਉਹ ਕਹਿੰਦਾ, ਮੇਰੇ ਉਸਤਾਦ ਭਾਈ ਨੰਦ ਲਾਲ ਜੀ ਹਨ। ਮੇਰੇ ਮੁਰਸ਼ਦ ਭਾਈ ਨੰਦ ਲਾਲ ਜੀ ਹਨ। ਕੋਲ ਭਾਈ ਆਲਮ ਸਿੰਘ ਜੀ ਬੈਠੇ ਸਨ ਤੇ ਉਹ ਕਹਿਣ ਲੱਗੇ, ਤੂੰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬੇਅਦਬੀ ਕਰ ਰਿਹਾ ਹੈਂ। ਤੂੰ ਉਨ੍ਹਾਂ ਦੀ ਮੌਜੂਦਗੀ ਵਿੱਚ ਕਿਸੇ ਹੋਰ ਨੂੰ ਉਸਤਾਦ ਕਹਿ ਰਿਹਾ ਹੈਂ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੋਲ ਪਏ, ਭਾਈ ਆਲਮ ਸਿੰਘ ਜੀ, ਨੰਦ ਲਾਲ ਜੀ ਦੇ ਹਿਰਦੇ ਵਿੱਚ ਨਾਮ ਚੱਲ ਗਿਆ ਹੈ, ਉਸ ਸਦਕਾ ਇਹ ਜਿਸ ਦੇ ਚਾਹਵੇ, ਅੱਗੋਂ ਨਾਮ ਚਲਾ ਦੇਵੇਗਾ। ਇਸ ਦੀ ਸ਼ਰਧਾ ਸਹੀ ਹੈ। ਇਹ ਸੀਨ ਵੇਖ ਕੇ, ਭਾਈ ਨੰਦ ਲਾਲ ਜੀ ਕਹਿੰਦੇ, ਕਿਤੇ ਹਉਮੈ ਨਾ ਆ ਜਾਵੇ ਤੇ ਇਹ ਉਸ ਸਮੇਂ ਇਹ ਸ਼ਬਦ ਉਚਾਰਿਆ:

***ਲਾਲ ਸਦੂ ਗੁਲਾਮ ਗੁਰੂ ਗੋਬਿੰਦ ਸਿੰਘ।***

ਭਾਈ ਨੰਦ ਲਾਲ ਜੀ ਕਹਿੰਦੇ, ਦਰੋਗੇ ਨੂੰ, ਮੈਂ

ਤਾਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੁੱਤਿਆਂ ਦਾ ਵੀ ਗੁਲਾਮ ਹਾਂ। ਇਹ ਸਿੱਖੀ ਹੈ। ਜ਼ਰਾ ਜਿੰਨੀ ਵਡਿਆਈ ਹੋ ਗਈ ਤੇ ਇਸ ਨੂੰ ਨਾਲ ਹੀ ਟਿਕਾਣੇ ਲੈ ਆਉਂਦਾ ਹੈ। ਕਿਤੇ ਹਉਮੈ ਨਾ ਆ ਜਾਵੇ। ਸੰਗਤ ਜੀ, ਲੰਬਾ ਨਹੀਂ ਕਰਦੇ, ਦੋ-ਤਿੰਨ ਮਿੰਟ ਵਿੱਚ ਸਮਾਪਤੀ ਹੈ। ਇਸ ਸਮੇਂ ਦੇ ਦੌਰਾਨ, ਭਾਈ ਨੰਦ ਲਾਲ ਜੀ ਨੇ ਇੱਕ ਕਿਤਾਬ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟ ਕੀਤੀ। ਕਿਤਾਬ ਦਾ ਨਾਂ ਹੈ, ਬੰਦਗੀਨਾਮਾ। ਉਸ ਵਿੱਚ 510 ਸ਼ੇਅਰ ਲਿਖੇ ਤੇ ਬੜੇ ਅਦਬ ਦੇ ਨਾਲ, ਉਹ ਕਿਤਾਬ ਭੇਂਟ ਕੀਤੀ ਤੇ ਕੀ ਗੱਲ ਚਲੀ, ਇਹ ਕਿਰਪਾ ਕਰਨੀ ਜੀ :

***ਧੰਨ ਹੈ ਧੰਨ ਹੈ ਧੰਨ ਹੈ, ਗੁਰੂ ਪਿਆਰੇ ਧੰਨ ਹੈਂ।***
***ਧੰਨ ਹੈ ਧੰਨ ਹੈ ਧੰਨ ਹੈ, ਗੁਰੂ ਪਿਆਰੇ ਧੰਨ ਹੈਂ।***

ਉਹ ਕਿਹੋ ਜਿਹਾ ਸੀਨ ਹੋਵੇਗਾ? ਜਿੱਥੇ ਪਿਆਰ ਆ ਜਾਂਦਾ ਸੀ, ਕਲਮ ਚੁੱਕ ਲੈਂਦੇ ਸਨ। 510 ਸ਼ੇਅਰ ਪਿਆਰ ਦਾ ਹੈ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਟਾ ਕੀਤੀ। ਇੰਟਰਨੈੱਟ ਤੇ ਜਾਓਗੇ ਤੇ ਫੋਟੋਆਂ ਸਰਚ ਕਰੋਗੇ ਤੇ ਇਸ ਤਰ੍ਹਾਂ ਦੀਆਂ ਫੋਟੋਆਂ ਵੀ ਪਈਆਂ ਹਨ, ਪਤਾ ਚੱਲੇਗਾ ਕਿ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੈਠੇ ਹਨ ਤੇ ਭਾਈ ਨੰਦ ਲਾਲ ਜੀ ਇੰਝ ਕਿਤਾਬ ਭੇਂਟ ਕਰ ਰਹੇ ਹਨ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੈਠੇ ਹਨ ਤੇ ਭਾਈ ਨੰਦ ਲਾਲ ਜੀ ਸੁਣਾਉਂਦੇ ਪਏ ਹਨ। ਇਤਿਹਾਸ ਵਿੱਚ ਲਿਖਿਆ ਹੈ, ਜਦੋਂ ਕਿਤਾਬ ਭੇਂਟ ਕੀਤੀ। ਕਿਤਾਬ ਦਾ ਨਾਂ ਸੀ, ਬੰਦਗੀਨਾਮਾ ਤੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੜ੍ਹਨ ਤੋਂ ਬਾਅਦ ਬਚਨ ਕੀਤਾ, ਇਹ ਬੰਦਗੀਨਾਮਾ ਨਹੀਂ, ਇਹ ਤੇ ਜ਼ਿੰਦਗੀਨਾਮਾ ਹੈ। ਭਾਈ ਨੰਦ ਲਾਲ ਜੀ ਨੇ ਬੰਦਗੀਨਾਮਾ ਨਾਂ ਰੱਖਿਆ ਸੀ ਤੇ ਬਾਜਾਂ ਵਾਲੇ ਪਿਤਾ ਜੀ ਨੇ ਕਿਹਾ, ਇਹ ਜ਼ਿੰਦਗੀਨਾਮਾ ਹੈ। ਜ਼ਿੰਦਗੀ ਵਿੱਚ ਰੱਬ ਤੱਕ ਪਹੁੰਚਣ ਲਈ ਜੋ ਤੂੰ ਉਚਾਰਨ ਕੀਤਾ, ਇਹ ਇੱਕ ਸੜਕ ਹੈ। ਉਨ੍ਹਾਂ ਨੇ ਕਿਤਾਬ ਭੇਟ ਕੀਤੀ ਤੇ ਕੈਸਾ ਸੀਨ ਹੋਵੇਗਾ, ਬਾਜਾਂ ਵਾਲੇ ਨੇ ਫਿਰ ਉਹ ਕਿਤਾਬ ਭਾਈ ਨੰਦ ਲਾਲ ਜੀ ਦੀ ਝੋਲੀ ਵਿੱਚ ਪਾ ਦਿੱਤੀ ਤੇ ਝੋਲੀ ਵਿੱਚ ਪਾ ਕੇ ਕਹਿੰਦੇ, ਪੜ੍ਹ ਕੇ ਸੁਣਾ। ਉਸ ਵਿੱਚੋਂ ਕੁਝ ਪੈਰ੍ਹੇ ਪਿਆਰ ਨਾਲ ਸੁਣਨਾ ਜੀ। ਤੁਸੀਂ ਇਹ ਨਾ ਕਹਿਣਾ ਕਿ ਸਾਰੀ ਫਾਰਸੀ ਪੰਜਾਬੀ ਵਿੱਚ ਸੁਣਾ ਦਿੱਤੀ ਹੈ। ਇਹ ਫਾਰਸੀ ਦੀਆਂ ਤਿੰਨ ਲਾਈਨਾਂ ਹਨ, ਇਹ ਔਖੀਆਂ ਹਨ।

***ਬੰਦਾ ਪੈਦਾ ਸ਼ੁਧ ਪਰਾਹਿ ਬੰਦਗੀ।***
*(ਭਾਈ ਨੰਦ ਲਾਲ ਜੀ)*

ਭਾਵ ਕਿ ਜਿਹੜਾ ਬੰਦਾ ਪੈਦਾ ਹੁੰਦਾ ਹੈ, ਅਸਲੀ ਸ਼ੁੱਧ ਉਹੀ ਹੈ, ਜਿਸ ਦੀ ਜ਼ਿੰਦਗੀ ਵਿੱਚ ਬੰਦਗੀ ਆ ਗਈ।

***ਬੰਦਾ ਪੈਦਾ ਸ਼ੁਧ ਪਰਾਹਿ ਬੰਦਗੀ।***
***ਬੰਦਾ ਰਾਹਦਰ ਬੰਦਗੀ ਬਾਸ਼ਕਿਆਮ।***
*(ਭਾਈ ਨੰਦ ਲਾਲ ਜੀ)*

ਬਾਸ਼ਕਿਆਮ ਦਾ ਅਰਥ ਹੈ, ਬੰਦਾ ਉਹ ਹੈ, ਜਿਹੜਾ ਹਰ ਸਮੇਂ ਬੰਦਗੀ ਨੂੰ ਜਾਰੀ ਰੱਖਦਾ ਹੈ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਭਾਈ ਨੰਦ ਲਾਲ ਜੀ ਨੇ ਜਦੋਂ ਪੜ੍ਹ ਕੇ ਸੁਣਾਇਆ ਤੇ ਮਹਾਰਾਜ ਜੀ ਪਿਆਰ ਵਿੱਚ ਆ ਗਏ, ਕਹਿੰਦੇ ਹੋਰ ਸੁਣਾਓ। ਹੁਣ ਪੰਜਾਬੀ ਵਿੱਚ ਲਿਖ ਰਹੇ ਹਾਂ ਇਹ ਸਤਰਾਂ ਫਾਰਸੀ ਦੇ ਬੋਲਾਂ ਦਾ ਉਲੱਥਾ ਹਨ। ਭਾਈ ਨੰਦ ਲਾਲ ਜੀ ਦੀ ਕਿਤਾਬ, ਬੰਦਗੀਨਾਮਾ ਜਿਸ ਦਾ ਨਾਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜ਼ਿੰਦਗੀਨਾਮਾ ਰੱਖ ਦਿੱਤਾ। ਇਸ ਦੀਆਂ ਦੋ ਤਿੰਨ ਸਤਰ੍ਹਾਂ ਪੰਜਾਬੀ ਉਲੱਥੇ ਅਨੁਸਾਰ ਇਸ ਤਰ੍ਹਾਂ ਹਨ:

***ਉਹ ਮੁਬਾਰਕ ਸੀਸ, ਜੋ ਦਰ ਤੇ ਪੈ ਗਿਆ।***

ਭਾਈ ਨੰਦ ਲਾਲ ਜੀ ਕਹਿੰਦੇ, ਉਹ ਸੀਸ ਮੁਬਾਰਕ ਹੈ, ਜਿਹੜਾ ਉਸ ਦੇ ਦਰ ਤੇ ਪੈ ਗਿਆ।

***ਉਹ ਮੁਬਾਰਕ ਸੀਸ ਜੋ ਦਰ ਤੇ ਪੈ ਗਿਆ।***
***ਪ੍ਰੇਮ ਖੁੰਡੀ ਦੇ ਬਾਣ, ਜੋ ਖਿਧੋਂ ਲੈ ਗਿਆ।***
***ਧੰਨ ਹਨ ਉਹ ਹੱਥ, ਲਿਖਿਆ ਜਿਸ ਜੱਸ ਇੰਨਾ।***

ਇਹ ਕਿਤਾਬ ਦੀਆਂ ਸਤ੍ਰਾਂ ਹਨ, ਉਹ ਹੱਥ ਧੰਨ ਹੈ ਜਿਸ ਨੇ ਜ਼ਿੰਦਗੀ ਵਿੱਚ ਜੱਸ ਲਿਖਿਆ। ਉਹ ਸੀਸ ਮੁਬਾਰਕ ਜਿਹੜਾ ਗੁਰੂ ਚਰਨਾਂ ਵਿੱਚ ਡਿੱਗ ਗਿਆ।

***ਧੰਨ ਹਨ ਉਹ ਚਰਨ ਚਾਲੇ ਪ੍ਰਭ ਕਥਾ।***

ਉਹ ਪੈਰ ਧੰਨ ਹਨ ਜਿਹੜੇ ਸੰਗਤ ਵਿੱਚ ਜਾਂਦੇ ਹਨ।

***ਉਹ ਮੁਬਾਰਕ ਜੀਭ, ਜਿਸ ਤੇ ਨਾਉਂ ਹੈ।***
***ਦਿਲ ਮੁਬਾਰਕ ਉਹ ਧਿਆਨ ਸੁਆਉ ਹੈ।***

ਉਹ ਜੀਭ ਮੁਬਾਰਕ ਜਿਸ ਤੇ ਨਾਮ ਹੈ। ਉਹ ਦਿਲ ਮੁਬਾਰਕ ਜਿਸ ਦੇ ਅੰਦਰ ਗੁਰੂ ਸਾਹਿਬ ਦਾ ਧਿਆਨ ਹੈ। ਬਾਜਾਂ ਵਾਲੇ ਪਿਤਾ ਜੀ ਨੇ ਕੁਝ ਹੋਰ ਸੁਣਿਆ। ਬਿਲਕੁਲ ਅਖੀਰਲਾ ਪਦਾ ਹੈ। ਨਿਰਾ ਸਾਡਾ ਕੋਟਾ ਹੀ ਹੈ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮੁੱਖ ਵਿੱਚੋਂ ਨਿਕਲਿਆ, ਨੰਦ ਲਾਲ ਜੀ, ਜਿਹੜੀ ਤੁਹਾਡੀ ਕਿਤਾਬ ਪੜ੍ਹਨਗੇ, ਉਨ੍ਹਾਂ ਨੂੰ ਪ੍ਰੇਮ ਦੇ ਰਸਤੇ ਤੇ ਚਲਣ ਦੀ ਲਗਨ ਲੱਗੇਗੀ। ਉਹ ਪ੍ਰੇਮ ਨੂੰ ਪਾਉਣਗੇ। ਜਿਸ ਲਈ ਜਨਮ ਲਿਆ ਹੈ। ਫਿਰ ਭਾਈ ਨੰਦ ਲਾਲ ਜੀ ਨੂੰ ਕਹਿੰਦੇ, ਤੇਰੀ ਇਸ ਕਿਤਾਬ ਤੋਂ ਖੁਸ਼ ਹਾਂ, ਕੁਝ ਮੰਗ ਲੈ। ਜਿਹੜਾ ਫਿਰ ਮੰਗਿਆ, ਇਸ ਨੂੰ ਬਾਬਾ ਨੰਦ ਸਿੰਘ ਜੀ ਬਹੁਤ ਗਾਉਂਦੇ ਸੀ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦੋਂ ਖੁਸ਼ ਹੋ ਕੇ ਕਿਹਾ, ਭਾਈ ਨੰਦ ਲਾਲ ਜੀ, ਮੰਗੋ ਤੇ ਉਹ ਮੰਗ ਵੇਖਿਓ, ਨਿਰ੍ਹਾ ਨਿਚੋੜ ਹੈ, ਆਪਣੀ ਜ਼ਿੰਦਗੀ ਦਾ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਖੁਸ਼ ਹਾਂ, ਭਾਈ ਨੰਦ ਲਾਲ ਜੀ, ਕੁਝ ਮੰਗ ਲਓ। ਦਾਸ ਦੀ ਵੀ ਅਰਦਾਸ ਕਰਨਾ ਤੇ ਆਪਣੀ ਵੀ, ਜਦੋਂ ਉਨ੍ਹਾਂ ਨੇ ਮੰਗਿਆ। ਤੁਸੀਂ ਵੀ ਬਾਜਾਂ ਵਾਲੇ ਤੋਂ ਮੰਗਣਾ:

***ਦੀਦਿਆਂ ਨੂੰ ਦੇ ਰਸ ਦੀਦਾਰ ਦਾ।***

ਦੀਦਿਆਂ ਦਾ ਅਰਥ, ਅੱਖਾਂ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਕੁਝ ਮੰਗ ਲਓ ਤੇ ਭਾਈ ਨੰਦ ਲਾਲ ਜੀ ਕਹਿੰਦੇ, ਇਨ੍ਹਾਂ ਅੱਖਾਂ ਨੂੰ ਆਪਣੇ ਦੀਦਾਰ ਦਾ ਰਸ ਦੇ ਦੇ।

***ਦੀਦਿਆਂ ਨੂੰ ਦੇ ਰਸ ਦੀਦਾਰ ਦਾ।***
***ਸੀਨਾ ਬਣੇ ਘਰ ਭੇਦ ਦੇ ਭੰਡਾਰ ਦਾ।***

ਦਾਸ ਇਸ ਦੇ ਅਰਥ ਲੱਭਦਾ ਰਿਹਾ, ਕੀ ਅਰਥ ਸੁਣਾਵਾਂਗੇ।

***ਸੀਨਾ ਬਣੇ ਘਰ ਭੇਦ ਦੇ ਭੰਡਾਰ ਦਾ।***

ਭੇਦ ਦਾ ਅਰਥ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਭਗਤੀ। ਹੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜੇ ਖੁਸ਼ ਹੋਏ ਤੇ ਇਹ ਭਗਤੀ ਦੇ ਦਿਓ। ਇਹ ਜਿਹੜਾ ਸੀਨਾ ਹੈ, ਇਸ ਨੂੰ ਭਗਤੀ ਦਾ ਭੰਡਾਰ ਭਰ ਦਿਓ।

***ਭੁੱਜ ਚੁੱਕੇ ਤਿਲ ਮੈਂਡੜੇ ਨੂੰ ਪ੍ਰੇਮ ਲਾ।***
***ਬੰਦਗੀ ਦਾ ਖੌਫ ਮੇਰੇ ਗਲੇ ਪਾ।***
***ਹਿਜ਼ਰ ਮੇਰੇ ਵਿੱਚ ਵਸਣ ਦਾ ਸ਼ੌਕ ਭਰ।***
***ਬੁੱਡੜੇ ਤਨ ਮੈਂਡੜੇ ਤੇ ਫਜਲ ਕਰ।***

ਸੜ ਗਿਆ ਹੈ, ਭੁੱਜ ਗਿਆ ਹੈ। ਇੱਥੇ ਹਿਜ਼ਰ ਦਾ ਅਰਥ ਹੈ, ਹਿਰਦਾ। ਮੇਰੇ ਹਿਰਦੇ ਵਿੱਚ ਤੈਨੂੰ ਵਸਾਉਣ ਦਾ ਸ਼ੌਕ ਹੋਵੇ। ਉਮਰ ਵਿੱਚ ਵੱਡੇ ਸਨ, ਮੇਰੇ ਬੁੱਢੇ ਦੇ ਤਨ ਤੇ ਕ੍ਰਿਪਾ ਕਰ। ਅਖੀਰਲੀਆਂ ਲਾਈਨਾਂ ਹਨ:

***ਹਰ ਰੋਮ ਕਰ ਦੇ ਜੀਭ ਮੇਰੀ ਇਹ ਕਰ ਕਰਮਾ।***
***ਸਿਫਤ ਸਾਈਂ ਜੀ ਕਰਾਂ ਮੈਂ ਦਮ ਬਦਮ।***

ਇਹ ਕਿਹੜਾ ਵੇਲਾ ਹੋਵੇ, ਇੱਕ ਰਸਨਾ ਬੰਦੇ ਨੂੰ ਇੰਨੀ ਘੱਟ ਜਾਪਦੀ ਹੈ, ਸਿਮਰਨ ਵਿੱਚ ਇੰਨਾ ਅਨੰਦ ਆਉਂਦਾ ਹੈ ਕਿ ਫਿਰ ਅਰਦਾਸ ਕਰਦਾ ਹੈ,

ਹਰ ਰੋਮ ਜੀਭ ਬਣ ਜਾਏ। ਅਰਦਾਸ ਕਰੋ, ਬਾਬਾ ਜੀ, ਆਪ ਜੀ ਦੇ ਚਰਨਾਂ ਵਿੱਚ ਤੁਸੀਂ ਲੈ ਕੇ ਆਉਂਦੇ ਹੋ, ਇਹ ਪ੍ਰੇਮ ਸਾਨੂੰ ਵੀ ਮਿਲੇ।

***ਦੀਦਿਆਂ ਨੂੰ ਦੇ ਰਸ ਦੀਦਾਰ ਦਾ।***
***ਸੀਨਾ ਬਣੇ ਘਰ ਭੇਦ ਦੇ ਭੰਡਾਰ ਦਾ।***
***ਭੁੱਜ ਚੁੱਕੇ ਤਿਲ ਮੈਂਡੜੇ ਨੂੰ ਪ੍ਰੇਮ ਲਾ।***
***ਬੰਦਗੀ ਦਾ ਖੌਫ ਮੇਰੇ ਗਲੇ ਪਾ।***
***ਹਿਜ਼ਰ ਮੇਰੇ ਵਿੱਚ ਵਸਣ ਦਾ ਸ਼ੌਕ ਭਰ।***
***ਬੁੱਡੜੇ ਤਨ ਮੈਂਡੜੇ ਤੇ ਖਜਲੁ ਕਰ।***

--------------------

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥***
*(ਤ੍ਵ ਪ੍ਰਸਾਦਿ ਸ੍ਵਯੇ)*

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
*(ਵਾਰ ੧੯, ਪਉੜੀ ੧੨)*

○○○

---

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

1) Google Pay No. ਅਤੇ Paytm No. 9876525850
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026
ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਸਿਫਤਿ ਸਾਲਾਹ**
ਆਪ ਪੜ੍ਹੋ ਤੇ
ਹੋਰਨਾਂ ਨੂੰ ਵੀ ਪੜ੍ਹਾਓ।



Dhan Dhan Mata Kaulan Ji Sifit Salah
Harwinder Singh
Paytm UPI
9876525850@paytm

ਚੰਦਾ ਭੇਜਣ ਲਈ ਸਕੈਨ ਕਰੋ ਜੀ

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

2) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 5 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 195/- ਰੁਪਏ, ਦੋ ਸਾਲ ਦਾ ਚੰਦਾ 350/- ਰੁਪਏ, ਪੰਜ ਸਾਲ ਦਾ ਚੰਦਾ 660/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

**ਚੰਦਾ (ਦੇਸ਼)**

| | |
|---|---|
| ਇੱਕ ਸਾਲ | 150+45=195/- |
| ਦੋ ਸਾਲ | 300+50=350/- |
| ਪੰਜ ਸਾਲ | 600+60=660/- |
| ਲਾਈਫ | 2400+100=2500/- |

**ਨੋਟ: ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿਫਤਿ ਸਾਲਾਹ ਰਸਾਲੇ ਦੇ ਪੰਜ-ਪੰਜ ਮੈਂਬਰ ਬਣਾਓ ਤਾਂ ਜੋ ਗੁਰਸਿੱਖੀ ਦੇ ਪ੍ਰਚਾਰ ਵਿੱਚ ਵਾਧਾ ਹੋ ਸਕੇ।**

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ



*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਚੌਤਾਲੀਵਾਂ ਸਲੋਕ :***

***ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥***

***ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥ ੪੪॥***

*(ਅੰਗ ੧੪੨੮)*

ਇੱਕ ਭਗਵਾਨ ਦੀ ਭਗਤੀ ਜਿਸ ਪੁਰਸ਼ ਦੇ ਮਨ ਵਿੱਚ ਨਹੀਂ ਹੈ, ਉਸਦਾ ਸਰੀਰ ਸੂਰ ਅਤੇ ਕੁੱਤੇ ਦੀ ਜੂਨ ਵਰਗਾ ਸਮਝੋ।

ਮਨੁੱਖ ਵਿੱਚ ਪਸ਼ੂਆਂ ਤੋਂ ਵੱਖਰਾ ਕੀ ਹੈ? ਪਸ਼ੂਆਂ ਦਾ ਵੀ ਮੂੰਹ, ਨੱਕ, ਕੰਨ ਸਭ ਮੌਜੂਦ ਹੈ। ਮਨੁੱਖਾਂ ਵਿੱਚ ਇੱਕ ਚੀਜ਼ ਵੱਖਰੀ ਹੈ ਸੁਰਤ। ਪਸ਼ੂ ਕੋਲ ਕੇਵਲ ਭੋਗ ਜੂਨ ਹੈ ਪਰ ਸੁਰਤ ਨਹੀਂ ਹੈ। ਇਸ ਕਰਕੇ ਮਨੁੱਖਾ ਜਨਮ ਦੀ ਵਾਰੀ ਕਈ ਜੁਗਾਂ ਤੋਂ ਬਾਅਦ ਮਿਲਦੀ ਹੈ।

***ਮਾਣਸ ਦੇਹਿ ਦੁਲੰਭੁ ਹੈ***

***ਜੁਗਹ ਜੁਗੰਤਰਿ ਆਵੈ ਵਾਰੀ।***

***(ਵਾਰ ੩੭, ਪਉੜੀ ੨੬)***

ਜਦ ਤੱਕ ਮਨੁੱਖ ਦੇ ਹਿਰਦੇ ਵਿੱਚ ਪਰਮਾਤਮਾ ਦੀ ਭਗਤੀ ਨਹੀਂ ਹੈ ਤਦ ਤੱਕ ਉਸਦੇ ਮਨੁੱਖਾ ਜਨਮ ਹਾਸਲ ਕੀਤੇ ਦਾ ਕੋਈ ਲਾਭ ਨਹੀਂ ਹੈ ਇਹਦੇ ਨਾਲੋਂ ਤਾਂ ਫਿਰ ਪਸ਼ੂ ਚੰਗੇ ਜੋ ਘਾਹ ਖਾਂਦੇ ਹਨ ਤੇ ਦੁੱਧ ਦੇ ਰੂਪ ਵਿੱਚ ਉੱਤਮ ਪਦਾਰਥ ਦਿੰਦੇ ਹਨ। ਨਾਮ ਤੋਂ ਸੱਖਣੇ ਮਨੁੱਖਾਂ ਦਾ ਜੀਵਨ ਫਿਟਕਾਰ ਯੋਗ ਹੈ ਕਿਉਂਕਿ ਉਹ ਨਾਮ ਨੂੰ ਵਿਸਾਰ ਕੇ ਹੋਰ-ਹੋਰ ਕੰਮ ਹੀ ਕਰਦੇ ਹਨ।

***ਪਸੂ ਮਿਲਹਿ ਚੰਗਿਆਈਆ***

***ਖੜੁ ਖਾਵਹਿ ਅੰਮ੍ਰਿਤੁ ਦੇਹਿ ॥***

***ਨਾਮ ਵਿਹੂਣੇ ਆਦਮੀ***

***ਧ੍ਰਿਗੁ ਜੀਵਣ ਕਰਮ ਕਰੇਹਿ ॥੩॥***

*(ਅੰਗ ੪੮੯)*

ਮਨੁੱਖਾ ਜੀਵਨ ਵਿੱਚ ਬੰਦਾ ਨਾਮ ਦੇ ਭੰਡਾਰੇ ਇਕੱਠੇ ਕਰ ਸਕਦਾ ਸੀ ਪਰ ਇਸਨੇ ਭੋਗਾਂ ਵਿੱਚ ਹੀ ਸਾਰਾ ਜੀਵਨ ਗੁਜ਼ਾਰ ਦਿੱਤਾ। ਇਹ ਪਸ਼ੂਆਂ ਤੋਂ ਵੀ ਥੱਲੇ ਚਲਾ ਗਿਆ।

ਨਾਮ ਤੋਂ ਬਿਨਾਂ ਵਿਕਾਰਾਂ ਦੇ ਕਾਰਨ ਮੂਰਖ ਜੀਵ ਦੀ ਇਹ ਦੇਹੀ ਪਸ਼ੂਆਂ ਤੇ ਪ੍ਰੇਤਾਂ ਨਾਲੋਂ ਵੀ ਭੈੜੀ ਸਮਝੋ। ਜਿਸ ਪਰਮਾਤਮਾ ਨੇ ਇਹ ਮਨੁੱਖਾ ਦੇਹੀ ਬਣਾਈ ਉਸ ਨੂੰ ਕਦੇ ਚੇਤੇ ਨਹੀਂ ਕਰਦਾ।

***ਪਸੂ ਪਰੇਤ ਮੁਗਧ ਤੇ ਬੁਰੀ ॥***

***ਤਿਸਹਿ ਨ ਬੂਝੈ ਜਿਨਿ ਏਹ ਸਿਰੀ ॥੩॥***

*(ਅੰਗ ੮੯੦)*

ਰੱਬ ਨਾਲੋਂ ਟੁੱਟੇ ਬੰਦੇ ਨਾਲੋਂ ਸੂਰ ਚੰਗਾ ਹੈ ਕਿਉਂਕਿ ਉਹ ਪਿੰਡ ਦੀ ਗੰਦਗੀ ਸਾਫ ਕਰਦਾ ਤੇ ਰੱਬ ਤੋਂ ਟੁੱਟਾ ਗੰਦਗੀ ਖਿਲਾਰਦਾ ਹੈ।

***ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ ॥***

*(ਅੰਗ ੧੩੭੨)*

ਇਸ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ ਜਿਹੜਾ ਬੰਦਾ ਹੋ ਕੇ ਬੰਦਗੀ ਨਹੀਂ ਕਰਦਾ ਉਸਦੇ ਸਰੀਰ ਨੂੰ ਕੁੱਤੇ ਅਤੇ ਸੂਰ ਵਾਂਗ ਸਮਝੋ।

ooo

***ਨੌਂਵੇਂ ਪਾਤਸ਼ਾਹ ਜੀ ਦਾ ਪੰਝਤਾਲੀਵਾਂ ਸਲੋਕ :***

***ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ ॥***
***ਨਾਨਕ ਇਹ ਬਿਧਿ ਹਰਿ ਭਜਉ ਇਕ ਮਨਿ ਹੁਇ ਇਕ ਚਿਤਿ ॥੪੫॥***

*(ਅੰਗ ੧੪੨੮)*

ਜਿਵੇਂ ਕੁੱਤਾ ਆਪਣੇ ਮਾਲਕ ਦਾ ਘਰ ਸਦਾ ਮੱਲੀ ਰੱਖਦਾ ਹੈ ਕਦੀ ਵੀ ਛੱਡਦਾ ਨਹੀਂ ਹੈ ਇਸੇ ਤਰੀਕੇ ਨਾਲ ਇੱਕ ਮਨ ਇੱਕ ਚਿੱਤ ਹੋ ਕੇ ਪਰਮਾਤਮਾ ਦਾ ਭਜਨ ਕਰਿਆ ਕਰੋ ਕਿ ਉਸਦਾ ਦਰ ਕਦੇ ਛੱਡਿਆ ਹੀ ਨਾ ਜਾਏ।

ਅਸੀਂ ਆਪਣੇ ਘਰ ਵਿੱਚ ਕੁੱਤਾ ਰੱਖਦੇ ਹਾਂ ਉਸ ਅੱਗੇ ਚੋਪੜੀ ਰੋਟੀ ਪਾਓ ਤਾਂ ਉਹ ਰੋਟੀ ਖਾ ਲਵੇਗਾ ਤੇ ਜੇ ਤੁਸੀਂ ਸੁੱਕੀ ਰੋਟੀ ਪਾਓ ਤਾਂ ਉਹ ਵੀ ਖਾ ਲਵੇਗਾ। ਕਿਸੇ ਦਿਨ ਮਾਲਕ ਕੁਝ ਵੀ ਖਾਣ ਨੂੰ ਨਾ ਦੇਵੇ ਤਾਂ ਉਹ ਨਰਾਜ਼ ਨਹੀਂ ਹੁੰਦਾ ਸਗੋਂ ਜ਼ਿਆਦਾ ਪੂਛ ਹਿਲਾਂਦਾ ਹੋਇਆ ਮਾਲਕ ਨਾਲ ਪਿਆਰ ਕਰਦਾ ਹੈ ਤੇ ਰਾਤ ਨੂੰ ਪਹਿਰਾ ਵੀ ਚੁਕੰਨਾ ਹੋ ਕੇ ਦਿੰਦਾ ਹੈ ਤਾਂ ਕਿ ਮਾਲਕ ਖੁਸ਼ ਹੋਵੇ।

ਇੱਕ ਕਾਲੂ ਨਾਂ ਦਾ ਕੁੱਤਾ ਬਾਬਾ ਨੰਦ ਸਿੰਘ ਜੀ ਦੀ ਕੁਟੀਆ ਦੇ ਬਾਹਰ ਹੀ ਬੈਠਾ ਰਹਿੰਦਾ ਸੀ। ਜਦੋਂ ਬਾਬਾ ਜੀ ਬਾਹਰ ਆਉਂਦੇ ਤਾਂ ਕਾਲੂ ਉਨ੍ਹਾਂ ਦੇ ਚਰਨਾਂ ਤੇ ਲੇਟ ਜਾਂਦਾ। ਉਹ ਲਿਪਟ ਕੇ ਅਤੇ ਪੂਛ ਹਿਲਾ ਕੇ ਆਪਣੇ ਪ੍ਰੇਮ ਅਤੇ ਵਫਾਦਾਰੀ ਦਾ ਪ੍ਰਗਟਾਵਾ ਕਰਦਾ ਸੀ। ਬਾਬਾ ਜੀ ਬੜੀ ਦਇਆ ਨਾਲ ਉਸਦਾ ਪ੍ਰੇਮ ਸਵੀਕਾਰ ਕਰਦੇ ਅਤੇ ਉਸਦੇ ਮੱਥੇ ਉੱਤੇ ਆਪਣੀ ਸੋਟੀ ਰੱਖ ਦਿੰਦੇ ਸਨ।

ਇੱਕ ਵਾਰ ਬਾਬਾ ਨਰਿੰਦਰ ਸਿੰਘ, ਸੰਤ ਸੁਜਾਨ ਸਿੰਘ ਜੀ ਨਾਲ ਤੇ ਹੋਰ ਸ਼ਰਧਾਲੂ ਬਾਬਾ ਜੀ ਦੇ ਠਾਠ ਨੂੰ ਮੱਥਾ ਟੇਕਣ ਜਾ ਰਹੇ ਸਨ ਤਾਂ ਨਰਿੰਦਰ ਸਿੰਘ ਨੇ ਗੇਟ ਵਿੱਚ ਕਾਲੂ ਨੂੰ ਬੈਠਾ ਵੇਖਿਆ ਤੇ ਬੜੇ ਪਿਆਰ ਨਾਲ ਉਸਦੇ ਪੈਰਾਂ ਦੀ ਧੂੜ ਲੈ ਲਈ ਸੰਤ ਸੁਜਾਨ ਸਿੰਘ ਜੀ ਨੇ ਕਿਹਾ ਕੈਪਟਨ ਸਾਹਿਬ ਇਹ ਕੀ ਕਰਦੇ ਹੋ? ਤਾਂ ਉਨ੍ਹਾਂ ਕਿਹਾ ਮੈਂ ਹਰ ਰੋਜ਼ ਬਾਬਾ ਨੰਦ ਸਿੰਘ ਜੀ ਅੱਗੇ ਜੋਦੜੀ ਕਰਦਾ ਹਾਂ ਕਿ ਬਾਬਾ ਜੀ ਮੈਨੂੰ ਆਪਣਾ ਕੂਕਰ ਬਣਾ ਲਓ ਪਰ ਇਹ ਕਾਲੂ ਕਿੰਨਾ ਖੁਸ਼ਕਿਸਮਤ ਹੈ ਕਿ ਇਹ ਪਹਿਲਾਂ ਹੀ ਇਸ ਪਦਵੀ ਦਾ ਅਨੰਦ ਮਾਣ ਰਿਹਾ ਹੈ। ਭਗਤ ਕਬੀਰ ਜੀ ਬਾਣੀ ਵਿੱਚ ਕਹਿੰਦੇ ਹਨ ਕਿ ਪਰਮਾਤਮਾ ਦੇ ਭਗਤ ਦੀ ਕੁੱਤੀ ਵੀ ਭਾਗਾਂ ਵਾਲੀ ਜਾਣ ਪਰ ਰੱਬ ਤੋਂ ਟੁੱਟੇ ਹੋਏ ਬੰਦੇ ਦੀ ਮਾਂ ਵੀ ਮੰਦ-ਭਾਗਣ ਹੈ।

***ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ ॥***
***ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਿਸਾਹਨ ਜਾਇ ॥੫੨॥***

*(ਅੰਗ ੧੩੬੭)*

ਇਸ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ ਜਿਵੇਂ ਕੁੱਤਾ ਆਪਣੇ ਮਾਲਕ ਦਾ ਘਰ ਨਹੀ ਛੱਡਦਾ ਤੂੰ ਵੀ ਇੱਕ ਮਨ ਚਿੱਤ ਹੋ ਕੇ ਪ੍ਰਭੂ ਦਾ ਸਿਮਰਨ ਕਰ।

ooo

*—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

# ਸਵਾਲ ਜਵਾਬ
# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ **'ਸਿਫਤਿ ਸਾਲਾਹ ਰਸਾਲੇ'** ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

45. **ਸਵਾਲ: ਸਤਿਕਾਰਯੋਗ ਵੀਰ ਜੀ, ਦੁਨਿਆਵੀ ਕਾਰ-ਵਿਹਾਰ ਕਰਦਿਆਂ ਗੁੱਸੇ ਨਾਲ ਵੀ ਬੋਲਿਆ ਜਾਂਦਾ ਹੈ, ਝੂਠ ਵੀ ਬੋਲਿਆ ਜਾਂਦਾ ਹੈ ਤੇ ਨਿੰਦਿਆ ਵੀ ਕੀਤੀ ਜਾਂਦੀ ਹੈ ਪਰ ਸਮਝ ਨਹੀਂ ਆਉਂਦੀ ਕਿ ਇਨ੍ਹਾਂ 'ਤੇ ਕਿਵੇਂ ਕੰਟਰੋਲ ਕੀਤਾ ਜਾਵੇ?**

**ਜਵਾਬ:** ਤੁਸੀਂ ਇੱਕ ਕਾਪੀ ਲਗਾ ਲਵੋ। ਉਸ 'ਤੇ ਲਿਖੀ ਜਾਓ ਕਿ ਕਿੰਨੀ ਵਾਰ ਅੱਜ ਮੈਂ ਝੂਠ ਬੋਲਿਆ, ਕਿੰਨੀ ਵਾਰੀ ਕ੍ਰੋਧ ਕੀਤਾ। ਇਸ ਤਰ੍ਹਾਂ ਲਿਖਣ ਨਾਲ ਆਪਣੇ ਔਗੁਣਾਂ ਦੀ ਪਹਿਚਾਣ ਹੋ ਜਾਂਦੀ ਹੈ। ਫਿਰ ਉਹ ਔਗੁਣ ਛੱਡਣੇ ਸੌਖੇ ਹੋ ਜਾਂਦੇ ਹਨ।

ਸੰਗਤ ਵਿੱਚ ਇੱਕ ਬੀਬੀ ਆਉਂਦੀ ਹੈ। ਉਸ ਨੇ ਦਾਸ ਨੂੰ ਆਪਣੀ ਕਾਪੀ ਦਿਖਾਈ। ਕਾਗਜ਼ 'ਤੇ ਰੋਜ਼ਾਨਾ ਆਪਣੇ ਕੀਤੇ ਹੋਏ ਔਗੁਣ ਲਿਖ ਕੇ ਤੇ ਨੇਮ ਵਧਾ ਕੇ ਗੁਰੂ ਸਾਹਿਬ ਅੱਗੇ ਅਰਦਾਸ ਕਰਨੀ, ਸੱਚੇ ਪਾਤਸ਼ਾਹ ਜੀ! ਮੇਰੇ ਕੋਲੋਂ ਸਾਰੇ ਦਿਨ ਵਿੱਚ ਇੰਨੇ ਔਗੁਣ ਹੋਏ ਹਨ। ਕਿਰਪਾ ਕਰਕੇ ਇਨ੍ਹਾਂ ਔਗੁਣਾਂ ਤੋਂ ਛੁਟਕਾਰਾ ਦਿਵਾਓ। ਫਿਰ ਔਗੁਣ ਛੁਡਾਉਣ, ਮਾੜੀ ਮਤ ਦੂਰ ਕਰਨ ਦੀ ਡਿਊਟੀ ਗੁਰੂ ਸਾਹਿਬ ਦੀ ਲੱਗ ਜਾਂਦੀ ਹੈ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਜੀ ਦੀ ਬਾਣੀ ਵਿੱਚ ਲਿਖਿਆ ਹੈ:

***ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥***

ਪਰ ਕਦੋਂ? ਅਗਲੀ ਪੰਕਤੀ ਵਿੱਚ ਦੱਸਦੇ ਹਨ।

***ਗੁਰ ਬਚਨੀ ਹਰਿ ਨਾਮੁ ਉਚਰੈ ॥***

*(ਅੰਗ ੨੮੬)*

○○○

**46. ਸਵਾਲ: ਸਤਿਕਾਰਯੋਗ ਵੀਰ ਜੀ, ਅਸੀਂ ਰੋਜ਼ ਜਾਣੇ-ਅਨਜਾਣੇ ਕਿੰਨੇ ਹੀ ਪਾਪ ਕਰ ਬੈਠਦੇ ਹਾਂ। ਇਹ ਕਿਵੇਂ ਬਖਸ਼ੇ ਜਾ ਸਕਦੇ ਹਨ?**

**ਜਵਾਬ:** ਤੁਸੀਂ ਜਦੋਂ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸ਼ਰਨ ਵਿੱਚ ਆ ਗਏ ਫਿਰ ਕੋਈ ਫ਼ਿਕਰ ਨਾ ਕਰੋ। ਬੇਸ਼ੱਕ ਸਾਡੇ ਪਾਪਾਂ ਦੀ ਢੇਰੀ ਵੱਡੀ ਹੈ ਪਰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਦਾ, ਦਇਆ ਦਾ ਸਮੁੰਦਰ ਉਸ ਤੋਂ ਵੀ ਵੱਡਾ ਹੈ। ਮਲਕ ਭਾਗੋ, ਕੌਡਾ ਰਾਖਸ਼, ਸੱਜਣ ਠੱਗ, ਭੂਮੀਆ ਚੋਰ, ਜਿਨ੍ਹਾਂ ਦੇ ਪਾਪ ਸੁਣ ਕੇ ਮਨ ਕੰਬ ਜਾਂਦਾ ਹੈ, ਉਨ੍ਹਾਂ ਨੂੰ ਵੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਖਸ਼ਿਸ਼ ਦੇ ਘਰ ਵਿੱਚ ਆ ਕੇ, ਨਾ ਕੇਵਲ ਬਖਸ਼ਿਆ ਬਲਕਿ ਉਹ ਹੋਰਨਾਂ ਨੂੰ ਵੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਨਾਲ ਜੋੜਨ ਵਾਲੇ ਬਣ ਗਏ। ਗੱਲ ਤਾਂ ਇਹ ਹੈ ਕਿ ਸਿੱਖ ਅੰਦਰੋਂ ਸ਼ਰਨ ਵਿੱਚ ਆ ਜਾਵੇ।

ਦਾਸ ਨੇ ਇੱਕ ਸ਼ਹਿਰ ਵਿੱਚ ਇੱਕ ਫ਼ਕੀਰ ਦੀ ਕਬਰ ਦੇਖੀ ਜਿਸ ਉੱਤੇ ਬਚਨ ਲਿਖਿਆ ਸੀ ਕਿ ਹੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ! ਜੇ ਮੇਰੇ ਸੌ ਸਾਲਾਂ ਦੇ ਪਾਪ ਤੱਕੜੀ ਦੇ ਇੱਕ ਛਾਬੇ ਵਿੱਚ ਪਾ ਦਿੱਤੇ ਜਾਣ ਤੇ ਦੂਜੇ ਛਾਬੇ ਵਿੱਚ ਤੇਰੀ ਇੱਕ ਛਿੰਨ ਭਰ ਦੀ ਨਦਰਿ ਪਾ ਦਿੱਤੀ ਜਾਵੇ ਤਾਂ ਵੀ ਤੇਰੀ ਛਿੰਨ ਭਰ ਦੀ ਨਦਰਿ ਦਾ ਛਾਬਾ ਭਾਰਾ ਹੋਵੇਗਾ। ਗੁਰਵਾਕ ਹੈ:

***ਨਾਨਕ ਜਿਨ ਕਉ ਨਦਰਿ ਭਈ ਹੈ***
***ਤਿਨ ਕੀ ਪੈਜ ਸਵਾਰੀ ॥੪॥੨॥***

*(ਅੰਗ ੧੧੯੮)*

○○○

**47. ਸਵਾਲ: ਸਤਿਕਾਰਯੋਗ ਵੀਰ ਜੀ, ਪ੍ਰੇਮ ਦੀ ਦਾਤ ਦੇ ਕੀ ਅਰਥ ਹਨ ਤੇ ਪ੍ਰੇਮ ਕਿਤਨੀ ਕੁ ਵੱਡੀ ਦਾਤ ਹੈ?**

**ਜਵਾਬ:** ਇਹ ਸੱਚ ਹੈ ਕਿ ਪ੍ਰੇਮ ਵਿੱਚ ਵੱਡੀ ਦਾਤ ਹੈ। ਦਾਸ ਦੇ ਮਨ ਵਿੱਚ ਵੀ ਆਇਆ ਸੀ ਕਿ ਪ੍ਰੇਮ ਕੀ ਹੈ? ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਸ਼ਬਦ ਦੇ ਅਰਥ ਕਰਦੇ ਸਨ: ਪਰੇ ਮ ਭਾਵ ਪਰੇ ਮੈਂ। ਜਿਸ ਨੇ ਮੈਂ ਨੂੰ ਭਾਵ ਹਉਮੈ ਨੂੰ ਆਪਣੇ ਤੋਂ ਪਰ੍ਹੇ ਕਰ ਦਿੱਤਾ, ਉਸ ਦਾ ਪ੍ਰੇਮ ਹੀ ਅਸਲੀ ਪ੍ਰੇਮ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਹਾ ਹੈ:

***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥***

*(ਤ੍ਵ ਪ੍ਰਸਾਦਿ ਸ੍ਵਯੇ)*

ਜਿਸ ਨੂੰ ਇਹ ਦਾਤ ਮਿਲ ਜਾਂਦੀ ਹੈ ਉਸ ਦੀ ਆਪਣੀ ਝੋਲੀ ਤਾਂ ਕੀ, ਉਹ ਦੂਸਰਿਆਂ ਦੀ ਵੀ ਝੋਲੀ ਭਰਨ ਵਾਲਾ ਬਣ ਜਾਂਦਾ ਹੈ। ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸਨ ਕਿ ਜਿਸ ਨੂੰ ਪ੍ਰੇਮ ਦੀ ਦਾਤ ਮਿਲ ਜਾਵੇ, ਉਸ ਦੀ ਜਿਊਂਦੇ ਜੀਅ ਤਾਂ ਕੀ, ਮਰਨ ਤੋਂ ਬਾਅਦ ਵੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਉਸ ਦੀ ਪਿੱਠ ਨਹੀਂ ਲੱਗਣ ਦਿੰਦੇ। ਕੋਈ ਧਨਾਢ ਵੀ ਹੋਵੇ, ਚਤੁਰ ਵੀ ਹੋਵੇ, ਅਤਿ ਸੁੰਦਰ ਵੀ ਹੋਵੇ, ਗਿਆਨੀ ਵੀ ਹੋਵੇ ਪਰ ਜਿਸ ਦੇ ਅੰਦਰ ਪ੍ਰੇਮ ਨਹੀਂ, ਉਸ ਬਾਰੇ ਬਾਣੀ ਵਿੱਚ ਕਿਹਾ ਹੈ:

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥੧॥***

*(ਅੰਗ ੨੫੩)*

ਜਿਸ ਕੋਲ ਪ੍ਰੀਤ ਨਹੀਂ ਗੁਰੂ ਚਰਨਾਂ ਦੀ, ਉਹ ਜ਼ਿੰਦਾ ਵੀ ਮਰਿਆਂ ਦੇ ਸਮਾਨ ਹੈ।

○○○

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

—ਸੰਪਾਦਕ

549

ਸਿੱਖੀ ਦਾ ਫਲ ਹੈ ਜਗਤ ਨੂੰ ਝੂਠਾ ਸਮਝਣਾ ਤੇ ਆਤਮਾ ਨੂੰ ਸੱਚ ਕਰਕੇ ਜਾਣਨਾ।

550

ਸਿੱਖੀ ਦਾ ਫਲ ਜਗਤ ਬਿਨਸਨਹਾਰ ਨਜ਼ਰ ਆਉਣਾ ਸ਼ੁਰੂ ਹੋ ਜਾਂਦਾ ਹੈ।

551

ਜਿਸ ਨੂੰ ਸਿੱਖੀ ਦਾ ਫਲ ਲੱਗ ਜਾਵੇ ਉਹ ਉਪਜੀਵਕਾ ਲਈ, ਘਰ ਦੀ ਰੋਟੀ ਚਲਾਉਣ ਲਈ ਧੰਦਾ ਕਰਦਾ ਹੈ ਪਰ ਉਸਦੇ ਧੰਦੇ ਵਿੱਚੋਂ ਲਾਲਚ ਖਤਮ ਹੋ ਜਾਂਦਾ ਹੈ।



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ
# ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

***ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-***

"ਹੇ ਗੁਰੂ ਨਾਨਕ ਸੱਚੇ ਪਾਤਸ਼ਾਹ ਜੀ! ਆਪ ਜੀ ਨੂੰ ਸਾਖੀ ਜਾਣ ਕੇ ਇਸ ਬੱਚੇ ਨੂੰ ਕਫ਼ਨੀ ਪਵਾਉਣ ਲੱਗੇ ਹਾਂ। ਇਸ ਕਫਨੀ ਦੀ ਲਾਜ ਆਪ ਜੀ ਨੇ ਆਪ ਹੀ ਪਾਲਣੀ"। ਇਹ ਅਰਦਾਸ ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਨੇ ਬਾਬਾ ਈਸ਼ਰ ਸਿੰਘ ਜੀ ਨੂੰ ਕਫ਼ਨੀ ਸਜਾਉਣ ਲੱਗਿਆਂ ਕੀਤੀ ਸੀ।

ਬਾਬਾ ਈਸ਼ਰ ਸਿੰਘ ਜੀ ਹੁਕਮ ਅਨੁਸਾਰ ਦਸਵੀਂ ਦਾ ਇਮਤਿਹਾਨ ਦੇਣ ਤੋਂ ਬਾਅਦ ਰੇਰੂ ਸਾਹਿਬ ਸੇਵਾ ਵਿੱਚ ਹਾਜ਼ਰ ਹੋ ਗਏ ਸਨ। ਕੁਝ ਦਿਨਾਂ ਬਾਅਦ ਰੇਰੂ ਸਾਹਿਬ ਵਾਲੇ ਮਹਾਂਪੁਰਖ ਸੈਦੂ ਅਸਥਾਨ ਤੇ ਜਿੱਥੇ ਹੋਤੀ ਮਰਦਾਨ ਵਾਲੇ ਮਹਾਂਪੁਰਖਾਂ ਨੇ ਸਰੀਰ ਤਿਆਗ ਕੇ ਸੱਚਖੰਡ ਗਮਨ ਕੀਤਾ ਸੀ, ਜੱਥੇ ਸਮੇਤ ਗਏ ਸਨ। ਇੱਥੇ ਕਿਸੇ ਪ੍ਰੇਮੀ ਨੇ ਆਗਿਆ ਲੈ ਕੇ ਦੋ ਕਫ਼ਨੀਆਂ ਭੇਂਟ ਕੀਤੀਆਂ ਸਨ। ਕਫ਼ਨੀ ਅਣ ਸੀਤਾ ਕੱਪੜਾ ਹੁੰਦਾ ਹੈ ਜੋ ਚੋਲੇ ਦੀ ਥਾਂ ਧਾਰਨ ਕੀਤਾ ਜਾਂਦਾ। ਕਫ਼ਨੀ ਉਸੇ ਦੀ ਧਾਰਨ ਕੀਤੀ ਯੋਗ ਮੰਨੀ ਜਾਂਦੀ ਜੋ ਸੰਸਾਰਕ ਵਾਸ਼ਨਾਵਾਂ, ਆਸਾਂ-ਤ੍ਰਿਸ਼ਨਾਵਾਂ ਤੋਂ ਉਪਰਾਮ ਹੋ ਗਿਆ ਹੋਵੇ। ਕਫ਼ਨ ਮੁਰਦੇ ਤੇ ਪਾਇਆ ਜਾਂਦਾ ਹੈ, ਇਸੇ ਤਰ੍ਹਾਂ ਕਫ਼ਨੀ ਵੀ ਮਾਇਆ ਮੰਡਲ ਵਿੱਚੋਂ ਮੌਤ ਦਾ ਪ੍ਰਤੀਕ ਹੈ। ਸ੍ਰੀ ਮਾਨ ਬਾਬਾ ਈਸ਼ਰ ਸਿੰਘ ਜੀ ਨੇ ਰੇਰੂ ਸਾਹਿਬ ਮਹਾਂਪੁਰਖਾਂ ਪਾਸ ਰਹਿੰਦਿਆਂ ਸੇਵਾ ਅਤੇ ਸਿਮਰਨ ਤੋਂ ਬਿਨਾਂ ਤੀਸਰੀ ਕਿਸੇ ਗੱਲ ਨੂੰ ਥਾਂ ਹੀ ਨਹੀਂ ਰੱਖੀ ਸੀ।

ਕਫ਼ਨੀ ਧਾਰਨ ਕਰਨ ਤੋਂ ਲਗਭਗ ਪੰਜ ਸਾਲ ਬਾਅਦ ਦੋਰਾਹੇ ਤੋਂ ਸ੍ਰੀ ਕਿਸ਼ੋਰੀ ਲਾਲ ਭੱਲਾ ਨੇ ਰੇਰੂ ਸਾਹਿਬ ਵਾਲੇ ਮਹਾਂਪੁਰਖਾਂ ਨੂੰ ਘਰ ਚਰਨ ਪਾਉਣ ਦੀ ਬੇਨਤੀ ਕੀਤੀ। ਬੇਨਤੀ ਪ੍ਰਵਾਨ ਕਰਕੇ ਮਹਾਂਪੁਰਖ ਉਸਦੇ ਘਰ ਆਏ ਸਨ। ਹੁਕਮ ਅਨੁਸਾਰ ਬਾਬਾ ਈਸ਼ਰ ਸਿੰਘ ਜੀ ਨੇ ਕੀਰਤਨ ਕੀਤਾ ਸੀ। ਕਿਸ਼ੋਰੀ ਲਾਲ ਭੱਲਾ ਨੇ ਬਾਬਾ ਈਸ਼ਰ ਸਿੰਘ ਜੀ ਨੂੰ ਇੱਕ ਕੀਮਤੀ ਸ਼ਾਲ ਭੇਟ ਕਰਨੀ ਚਾਹੀ ਸੀ।

ਉਸ ਵੇਲੇ ਰੇਰੂ ਸਾਹਿਬ ਵਾਲੇ ਮਹਾਂਪੁਰਖਾਂ ਨੇ ਬਚਨ ਕੀਤਾ ਸੀ, "ਇਹ ਭਾਈ ਅਜੇ ਸਾਧਨਾ ਵਿੱਚ ਹੈ। ਸਮਾਂ ਆਵੇਗਾ ਕੀਮਤੀ ਬਸਤਰ ਆਦਿ ਪਿਆਰ ਵਾਲਿਆਂ ਵੱਲੋਂ ਇਨ੍ਹਾਂ ਨੂੰ ਭੇਂਟ ਕੀਤੇ ਜਾਇਆ ਕਰਨਗੇ। ਪਰ ਅਜੇ ਸਮਾਂ ਨਹੀਂ।"

ਬਾਬਾ ਈਸ਼ਰ ਸਿੰਘ ਜੀ ਨੂੰ ਤਿਲ ਮਾਤਰ ਵੀ ਫੁਰਨਾ ਨਹੀਂ ਸੀ। ਉਸ ਵੇਲੇ ਤਾਂ ਕੀ ਲਗਭਗ 24 ਸਾਲ ਲੰਘ ਜਾਣ ਤੇ ਵੀ ਅਜੇ ਕਫ਼ਨੀ ਹੀ ਧਾਰਨ ਕੀਤੀ ਹੋਈ ਸੀ। ਅਫ਼ਰੀਕਾ ਵੀ ਕਫ਼ਨੀ ਧਾਰਨ ਕਰਕੇ ਹੀ ਆਏ ਸਨ। ਮੁੰਬਾਸਾ ਵਿਖੇ ਸ੍ਰ. ਠਾਕੁਰ ਸਿੰਘ ਵੱਲੋਂ ਬਹੁਤ ਪਿਆਰ ਨਾਲ ਅਚਕਨ ਅਤੇ ਚੂੜੀਦਾਰ ਪਜਾਮਾ ਭੇਂਟ ਕੀਤਾ ਗਿਆ ਅਤੇ ਫੋਟੋ ਹਿਤ ਬੇਨਤੀ ਕੀਤੀ ਗਈ। ਮਹਾਂਪੁਰਖਾਂ ਨੇ ਉਸਦਾ ਸੱਚਾ ਸੁੱਚਾ ਪ੍ਰੇਮ ਦੇਖ ਕੇ ਬੇਨਤੀ ਪ੍ਰਵਾਨ ਕਰ ਲਈ।

ਸਾਰਾ ਸੰਸਾਰ ਕਦੇ ਵੀ ਇੱਕਮਤ ਨਹੀਂ ਹੁੰਦਾ। ਕੁਝ ਨਿੰਦਕ ਸਨ, ਜਿਨ੍ਹਾਂ ਵਿੱਚੋਂ ਐਸੇ ਵੀ ਸਨ ਜੋ ਕਫ਼ਨੀ ਧਾਰਨ ਕਰਨ ਨੂੰ ਨਿੰਦਿਆ ਦਾ ਆਧਾਰ ਬਣਾਉਂਦੇ ਸਨ। ਦੂਸਰੇ ਪਾਸੇ ਐਸੇ ਵੀ ਸਨ ਜਿਨ੍ਹਾਂ ਨੇ ਕਫ਼ਨੀ ਦਾ ਤਿਆਗ ਕਰਨ ਨੂੰ ਨਿੰਦਿਆ ਦਾ ਕਾਰਨ ਬਣਾ ਲਿਆ ਸੀ। ਮਹਾਂਪੁਰਖ ਇੱਕ ਰਸ ਸਨ। ਨਿੰਦਿਆ ਉਸਤਤਿ ਤੋਂ ਨਿਰਲੇਪ ਸਨ।

ਅਫ਼ਰੀਕਾ ਵਿਖੇ ਮਹਾਂਪੁਰਖ ਅੰਮ੍ਰਿਤ ਸੰਚਾਰ ਸਮੇਂ ਪੰਜ ਪਿਆਰਿਆਂ ਵਿੱਚ ਸ਼ਾਮਿਲ ਹੁੰਦੇ ਸਨ। ਕੁਝ ਅਰਸਾ ਪਹਿਲਾਂ ਦਿਆਲਪੁਰੇ ਵਾਲੇ ਬਾਬਾ ਮਨੀ ਸਿੰਘ ਜੀ, ਜੋ ਮਸਤੂਆਣੇ ਵਾਲੇ ਮਹਾਂਪੁਰਖਾਂ ਦੇ ਸੇਵਕ ਸਨ, ਅਫ਼ਰੀਕਾ ਆਏ ਸਨ। ਉਨ੍ਹਾਂ ਨੇ ਬਚਨ ਕੀਤਾ ਸੀ, "ਭਈ ਮੈਂ ਤਾਂ ਮੋਟਾ-ਮੋਟਾ ਹਲ ਵਾਹੁਣ ਆਇਆ ਹਾਂ। ਰਾੜੇ ਵਾਲੇ ਮਹਾਂਪੁਰਖ ਆਉਣਗੇ ਜੋ ਹਿਰਦਿਆਂ ਵਿੱਚੋਂ ਟੋਏ-ਟਿੱਬੇ ਮੇਟ ਕੇ ਅਧਿਆਤਮਕ ਦੇ ਮਾਰਗ ਦੀ ਸੋਝੀ ਦੇਣਗੇ।"

ਜਗਿਆਸੂਆਂ ਨੂੰ ਤਾਂ ਮਹਾਂਪੁਰਖਾਂ ਪਾਸੋਂ ਰੂਹਾਨੀਅਤ ਦੀ ਸੋਝੀ ਪ੍ਰਾਪਤ ਹੋ ਹੀ ਰਹੀ ਸੀ, ਮਨਮੁਖਤਾਈ ਦੇ ਕਾਬੂ ਕੀਤੇ ਹੋਏ ਬੇਮੁਖ ਵੀ ਮਹਾਂਪੁਰਖਾਂ ਦੇ ਬਚਨਾਂ ਤੋਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਪਾਉਂਦੇ। ਇਨ੍ਹਾਂ ਵਿੱਚੋਂ ਹੀ ਇੱਕ ਸੱਜਣ ਸੀ ਸਰਦਾਰ ਸੁਦਾਗਰ ਸਿੰਘ। ਸਿੱਖ ਪਰਿਵਾਰ ਵਿੱਚ ਪੈਦਾ ਹੋਇਆ ਸੀ, ਪਰ ਸਿੱਖੀ ਤੋਂ ਦੂਰ ਹੋ ਗਿਆ ਸੀ। ਘੋਨ ਮੋਨ ਹੋ ਗਿਆ ਸੀ। ਭੱਖ-ਅਭੱਖ ਦੀ ਵਿਚਾਰ ਕੀਤੇ ਬਿਨਾਂ ਖਾਣ-ਪੀਣ ਵਿੱਚ ਲਿਪਤ ਸੀ। ਮੀਟ ਸ਼ਰਾਬ ਤੋਂ ਬਿਨਾਂ ਹੋਰ ਵੀ ਨਸ਼ੇ ਕਰਦਾ। ਨੇਤ ਐਸੀ ਹੋਈ ਕਿ ਉਸਦਾ ਪੁੱਤਰ ਬਿਮਾਰ ਹੋ ਗਿਆ। ਬੜੇ ਇਲਾਜ ਕਰਾਏ ਪਰ ਬਿਮਾਰੀ ਵਧਦੀ ਗਈ। ਅਖੀਰ ਕੋਈ ਆਸ ਨਾ ਰਹੀ। ਜਾਪਣ ਲੱਗਾ ਕਿ ਬੱਚਾ ਬਚ ਨਹੀਂ ਪਾਵੇਗਾ। ਬੱਚੇ ਦੀ ਮਾਤਾ ਨੇ ਮਹਾਂਪੁਰਖਾਂ ਦੀ ਸੋਅ ਸੁਣੀ। ਜਾਣਦੀ ਸੀ ਪਤੀ ਮਹਾਂਪੁਰਖਾਂ ਪਾਸ ਨਹੀਂ ਜਾਵੇਗਾ। ਇਕੱਲੀ ਜਾ ਨਹੀਂ ਸਕਦੀ ਸੀ। ਘਰੋਂ ਹੀ ਰੋ-ਰੋ ਕੇ ਮਹਾਂਪੁਰਖਾਂ ਨੂੰ ਬੇਨਤੀ ਕਰਨ ਲੱਗੀ। ਬੱਚੇ ਦੀ ਸਿਹਤ ਨੂੰ ਫਰਕ ਪੈ ਗਿਆ। ਹੁਣ ਉਸਨੇ ਵਿਸ਼ਵਾਸ਼ ਨਾਲ ਆਪਣੇ ਪਤੀ ਸੁਦਾਗਰ ਸਿੰਘ ਨੂੰ ਦੱਸਿਆ ਕਿ ਕਿਵੇਂ ਮਨ ਵਿੱਚ ਮਹਾਂਪੁਰਖਾਂ ਨੂੰ ਬੇਨਤੀ ਕਰਨ ਤੇ ਬੱਚਾ ਠੀਕ ਹੋ ਗਿਆ। ਕੋਈ ਸਧਾਰਨ ਗੱਲ ਹੁੰਦੀ ਤਾਂ ਭਾਵੇਂ ਉਹ ਨਾ ਮੰਨਦਾ, ਪਰ ਬੱਚੇ ਦੀ ਹਾਲਤ ਉਸਨੇ ਦੇਖੀ ਸੀ। ਡਾਕਟਰ ਬੇਬੱਸ ਹੋ ਗਏ ਸਨ।

ਉਹ ਸੁਖ ਰੋਗ ਹੁੰਦੇ ਹਨ ਜਿਨ੍ਹਾਂ ਵਿੱਚ ਪੈ ਕੇ ਬੰਦਾ ਪਰਮੇਸ਼ਰ ਨੂੰ ਭੁੱਲ ਜਾਵੇ। ਅਜਿਹੇ ਵਿੱਚ ਦੁੱਖ ਦਵਾਈ ਹੋ ਨਿਬੜਦੇ ਹਨ ਜੋ ਪਰਮੇਸ਼ਰ ਨਾਲ ਜੋੜਨ ਦਾ ਕਾਰਨ ਬਣਦੇ ਹਨ:

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥***

***(ਅੰਗ ੪੬੯)***

ਸੁਦਾਗਰ ਸਿੰਘ ਪਰਿਵਾਰ ਸਮੇਤ ਮਹਾਂਪੁਰਖਾਂ ਦੇ ਦਰਸ਼ਨ ਕਰਨ ਆਇਆ।

"ਮਨੁੱਖਾ ਜਨਮ ਵੱਡੇ ਭਾਗਾਂ ਨਾਲ ਮਿਲਦਾ ਹੈ। ਮਨੁੱਖ ਉਹ ਹੈ ਜਿਸ ਵਿੱਚ ਮਨੁੱਖ ਵਾਲੇ ਗੁਣ ਹੋਣ ਵਰਨਾ ਤਾਂ ਕਈਆਂ ਦੀ ਕਿਰਿਆ ਐਸੀ ਹੁੰਦੀ ਹੈ ਜਿਸਨੂੰ ਜਾਨਵਰਾਂ ਤੋਂ ਵੱਖਰੀ ਨਹੀਂ ਕਿਹਾ ਜਾ ਸਕਦਾ ਸਗੋਂ ਕਈ ਗੱਲਾਂ ਵਿੱਚ ਤਾਂ ਜਾਨਵਰਾਂ ਤੋਂ ਵੀ ਸੌ ਦਰਜੇ ਨੀਵੇਂ ਹੋ ਜਾਂਦੇ ਹਨ। ਕੀ ਮਨੁੱਖਾ ਜਨਮ ਖਾਣ-ਪੀਣ ਤੇ ਬਦ ਮਸਤੀਆਂ ਕਰਨ ਨੂੰ ਮਿਲਿਆ ਹੈ? ਕੀ ਮਨੁੱਖਾ ਜਨਮ ਦਾ ਇਹੋ ਪ੍ਰਯੋਜਨ ਹੈ, "ਮਹਾਂਪੁਰਖਾਂ ਨੇ ਸੁਦਾਗਰ ਸਿੰਘ ਨੂੰ ਤਾੜਦਿਆਂ ਹੋਇਆ ਬਚਨ ਕੀਤੇ, "ਇਸ ਬੀਬੀ ਨੇ ਗੁਰੂ ਘਰ ਤੋਂ ਇਸ ਬੱਚੇ ਦੀ ਅਰੋਗਤਾ ਮੰਗੀ ਸੀ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਰਪਾ ਕੀਤੀ ਹੈ ਦੇਹ

ਅਰੋਗਤਾ ਬਖਸ਼ੀ ਹੈ, ਪਰ ਤੇਰਾ ਮੂੰਹ ਤੇ ਕੁਝ ਹੋਰ ਹੀ ਮੰਗਦਾ ਹੈ।"

ਤਾੜਨਾ ਸੁਣ ਕੇ ਸੁਦਾਗਰ ਸਿੰਘ ਅੰਦਰ ਤੱਕ ਕੰਬ ਗਿਆ। ਢਹਿ ਪਿਆ। ਭੁੱਲ ਬਖਸ਼ਾਈ। ਆਮ ਤੌਰ ਤੇ ਨਸ਼ੇ ਆਦਿ ਵਰਤਣ ਵਾਲਿਆਂ ਦੀ ਤੋਬਾ ਕੁਝ ਘੰਟਿਆਂ ਦੀ ਹੀ ਹੋਇਆ ਕਰਦੀ ਹੈ ਪਰ ਸੁਦਾਗਰ ਸਿੰਘ ਅੰਦਰੋਂ ਢਹਿ ਪਿਆ ਸੀ। ਉਸਨੇ ਉਸੇ ਵੇਲੇ ਤੋਂ ਉਸਤਰੇ ਅਤੇ ਅਭੱਖ ਪਦਾਰਥਾਂ ਤੋਂ ਸਦਾ-ਸਦਾ ਲਈ ਨਾਤਾ ਤੋੜ ਦਿੱਤਾ। ਅੰਮ੍ਰਿਤ ਸੰਚਾਰ ਸਮੇਂ ਖੰਡੇ ਦੀ ਪਾਹੁਲ ਛਕ ਕੇ ਸਿੰਘ ਸਜ ਗਿਆ। ਜੀਵਨ ਐਸਾ ਆਦਰਸ਼ ਬਣ ਗਿਆ ਕਿ ਕੋਈ ਅੰਦਾਜ਼ਾ ਹੀ ਨਹੀਂ ਲਗਾ ਸਕਦਾ ਸੀ ਕਿ ਉਸਦਾ ਅਤੀਤ ਅਜਿਹਾ ਸੀ। ਉਸਦੀ ਸੁਪਤਨੀ ਨੇ ਵੀ ਉਸ ਨਾਲ ਹੀ ਅੰਮ੍ਰਿਤ ਛਕਿਆ। ਸਦਾ ਹੀ ਸ਼ੁਕਰਾਨੇ ਦੇ ਭਾਵ ਵਿੱਚ ਲੀਨ ਰਹਿੰਦੀ।

ਇੱਕ ਦਿਨ ਇੱਕ ਪ੍ਰੇਮੀ ਨੇ ਬੇਨਤੀ ਕੀਤੀ, "ਬਾਬਾ ਜੀ! ਕਹਿੰਦੇ ਨੇ ਕਿ ਕੀਤੇ ਹੋਏ ਕਰਮਾਂ ਦਾ ਫਲ ਭੋਗਣਾ ਹੀ ਪੈਂਦਾ ਹੈ। ਦੂਸਰੇ ਪਾਸੇ ਇਹ ਵੀ ਕਹਿੰਦੇ ਨੇ ਕਿ ਪਛਤਾਵੇ ਨਾਲ ਗੁਨਾਹ ਬਖਸ਼ੇ ਜਾਂਦੇ ਹਨ। ਜੇ ਕੀਤੇ ਕਰਮਾਂ ਦਾ ਫਲ ਮਿਲਣਾ ਹੀ ਹੈ ਤਾਂ ਪਛਤਾਵੇ ਨਾਲ ਛੁਟਕਾਰਾ ਕਿਵੇਂ ਮਿਲ ਜਾਂਦਾ ਹੈ ਅਤੇ ਜੇ ਇਹ ਮੰਨੀਏ ਕਿ ਪਛਤਾਵਾ ਕਰਨ ਨਾਲ ਗੁਨਾਹ ਬਖਸ਼ੇ ਜਾਂਦੇ ਨੇ ਤਾਂ ਇਹ ਗੱਲ ਝੂਠੀ ਹੋ ਗਈ ਕਿ ਕੀਤੇ ਦਾ ਫਲ ਭੋਗਣਾ ਹੀ ਪੈਂਦਾ ਹੈ। ਆਪ ਜੀ ਸੁਮੱਤ ਬਖਸ਼ੋ।"

"ਇਹ ਤਾਂ ਅਵੱਸ਼ ਹੈ ਕਿ ਕੀਤੇ ਦਾ ਫਲ ਭੋਗਣਾ ਪੈਂਦਾ ਹੈ। ਇਹ ਨਿਯਮ ਵਾਹਿਗੁਰੂ ਪਰਮੇਸ਼ਰ ਨੇ ਬਣਾਇਆ ਹੈ, ਪਰ ਨਾਲ ਹੀ ਉਹ ਪਿਤਾ ਪਰਮੇਸ਼ਰ ਹੈ। ਕੌਣ ਪਿਤਾ ਐਸਾ ਹੋਵੇਗਾ ਜੋ ਐਸਾ ਨਿਰਦਈ ਹੋਵੇ ਕਿ ਪੁੱਤਰ ਦੇ ਪਛਤਾਵੇ ਨੂੰ ਦੇਖ ਕੇ ਦ੍ਰਵ ਨਾ ਜਾਵੇ।" ਮਹਾਂਪੁਰਖਾਂ ਨੇ ਸੁਮੱਤ ਭਰੇ ਬਚਨ ਕੀਤੇ, "ਵੇਖੋ ਕਿਸਾਨ ਖੇਤ ਵਿੱਚ ਬੀਜ ਬੀਜਦਾ ਹੈ। ਜਿੱਥੇ ਕਿਤੇ ਪੋਹ ਕੇ ਸੁਹਾਗੀ ਧਰਤੀ ਤੇ ਕਣੀਆਂ ਪੈ ਕੇ ਕਰੰਡ ਬੱਝ ਜਾਵੇ ਉੱਥੇ-ਉੱਥੇ ਬੀਜ ਨਹੀਂ ਉੱਗਦਾ, ਬਾਕੀ ਬੀਜ ਉੱਗ ਜਾਂਦੇ ਹਨ। ਇਸੇ ਤਰ੍ਹਾਂ ਮਨ ਦੀ ਪੈਲੀ ਤੇ ਪਛਤਾਵੇ ਦੇ ਅੱਥਰੂਆਂ ਦੀਆਂ ਕਣੀਆਂ ਨਾਲ ਕਰੰਡ ਪੈ ਜਾਵੇ, ਉਹ ਕਰਮ ਰੂਪੀ ਬੀਜ ਨਹੀਂ ਉੱਗਦਾ। ਇੱਥੇ ਇਹ ਵੀ ਗੱਲ ਹੈ ਕਿ ਪਛਤਾਵਾ ਦਿਲੋਂ ਹੋਵੇ, ਫਿਰ ਇਹ ਵੀ ਨਾ ਹੋਵੇ ਅੱਜ ਪਛਤਾਵਾ ਕਰਦਾ ਹੈ ਫਿਰ ਉਹੀ ਭੁੱਲ ਦੁਹਰਾਉਂਦਾ ਹੈ, ਫਿਰ ਪਛਤਾਵਾ ਫਿਰ ਉਹੀ ਭੁੱਲ। ਇਹ ਕੋਈ ਪਛਤਾਵਾ ਨਹੀਂ ਹੋਇਆ ਕਰਦਾ। ਸਭ ਤੋਂ ਜ਼ਰੂਰੀ ਗੱਲ ਹੈ ਪਰਮੇਸ਼ਰ ਨੂੰ ਯਾਦ ਰੱਖਣਾ। ਹਰ ਵੇਲੇ ਯਾਦ ਰੱਖਣਾ। ਕਿਸੇ ਵੇਲੇ ਭੁਲਦਾ ਵੀ ਹੈ ਤਾਂ ਫਿਰ ਯਾਦ ਆਉਣ ਤੇ ਪਛਤਾਉਣਾ ਕਿ ਕਿਉਂ ਭੁੱਲ ਗਿਆ ਸੀ। ਪਰਮੇਸ਼ਰ ਨੂੰ ਯਾਦ ਹੀ ਨਾ ਕਰਨਾ ਅਤੇ ਇਹ ਅਹਿਸਾਸ ਵੀ ਨਾ ਹੋਣਾ ਕਿ ਮੈਂ ਭੁੱਲਿਆ ਹਾਂ, ਬਹੁਤ ਮੰਦਾ ਹੈ। ਜੋ ਭੁੱਲਦਾ ਤਾਂ ਹੈ ਪਰ ਜਾਣਦਾ ਹੈ ਕਿ ਮੈਂ ਭੁੱਲਦਾ ਹਾਂ ਯਾਦ ਰੱਖਣ ਦਾ ਯਤਨ ਕਰਦਾ ਹੈ। ਭੁੱਲ ਤੇ ਪਛਤਾਉਂਦਾ ਹੈ। ਉਸ ਤੇ ਕਿਰਪਾ ਵੀ ਹੁੰਦੀ ਹੈ।"

ਉਸ ਪ੍ਰੇਮੀ ਦਾ ਸ਼ੰਕਾ ਦੂਰ ਹੋ ਗਿਆ ਸੀ। ਉਸ ਦੇ ਪ੍ਰਸ਼ਨ ਸਦਕਾ ਹੋਰ ਵੀ ਪ੍ਰੇਮੀ ਜੋ ਉਸ ਵੇਲੇ ਕੋਲ ਬੈਠੇ ਸਨ, ਉਨ੍ਹਾਂ ਨੂੰ ਵੀ ਇਸ ਪ੍ਰਥਾਏ ਚੰਗੀ ਤਰ੍ਹਾਂ ਸਮਝ ਆ ਗਿਆ ਸੀ। ਹੋਰਾਂ ਦੇ ਵੀ ਸ਼ੰਕੇ ਦੂਰ ਹੋਏ ਸਨ।

ਲਗਭਗ ਚਾਰ ਮਹੀਨੇ ਅਫ਼ਰੀਕਾ ਵਿਖੇ ਗੁਰਮਤਿ ਦੀ ਪ੍ਰਚਾਰ ਫੇਰੀ ਤੋਂ ਬਾਅਦ ਮਹਾਂਪੁਰਖ ਹਵਾਈ ਜਹਾਜ਼ ਰਾਹੀਂ ਭਾਰਤ ਵਾਪਸ ਆ ਗਏ।

ooo

# ਗੁਰਸਿੱਖੀ ਦੀਆਂ ਛੇਂ ਨਿਸ਼ਾਨੀਆਂ

(VCD 341)

—ਜਸਵਿੰਦਰ ਸਿੰਘ (ਪਟਿਆਲਾ)

**ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ**

**ਗੁਰਸਿੱਖ ਦੀ ਪਹਿਲੀ ਨਿਸ਼ਾਨੀ- ਗੁਰਸਿੱਖ ਹਰ ਵੇਲੇ ਸੁਚੇਤ ਰਹਿ ਕੇ ਸਵਾਸਾਂ ਨੂੰ ਸਫਲਾ ਕਰਦਾ ਹੈ।**

**ਗੁਰਸਿੱਖ ਦੀ ਦੂਜੀ ਨਿਸ਼ਾਨੀ- ਗੁਰਸਿੱਖ ਸੁਰਤੀ ਵਿੱਚ ਵੀ ਕਿਸੇ ਦਾ ਬੁਰਾ ਨਹੀਂ ਕਰਦਾ।**

**ਗੁਰਸਿੱਖ ਦੀ ਤੀਜੀ ਨਿਸ਼ਾਨੀ- ਗੁਰਸਿੱਖ ਇਕਾਂਤ ਵਿੱਚ ਵੀ ਮਾੜਾ ਕਰਮ ਕਰਨ ਤੋਂ ਡਰਦਾ ਹੈ।**

**ਗੁਰਸਿੱਖ ਦੀ ਚੌਥੀ ਨਿਸ਼ਾਨੀ- ਗੁਰਸਿੱਖ ਕਦੀ ਵੀ ਕਿਸੇ ਦੀ ਖੁਸ਼ੀ ਲਿਤਾੜ ਕੇ ਖੁਸ਼ੀ ਨਹੀਂ ਲੈਂਦਾ।**

**ਗੁਰਸਿੱਖ ਦੀ ਪੰਜਵੀਂ ਨਿਸ਼ਾਨੀ- ਗੁਰਸਿੱਖ ਦੇਖ ਕੇ ਅਣਡਿੱਠ ਕਰਨ ਦਾ ਯਤਨ ਕਰਦਾ ਹੈ।**

**ਗੁਰਸਿੱਖ ਦੀ ਛੇਵੀਂ ਨਿਸ਼ਾਨੀ- ਗੁਰਸਿੱਖ ਮਾਇਆ ਦੇ ਲੋਭ ਤੋਂ ਉੱਤੇ ਉੱਠ ਜਾਂਦਾ ਹੈ।**

ਸਾਰੀ ਸੰਗਤ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਵਿੱਚ ਗੱਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ। ਕੈਸੇ ਹਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ? ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਇਹ ਨਹੀਂ ਲਿਖਿਆ ਜਿਸ ਦੇ ਕੋਲ ਅਰਬਾਂ ਦੀ ਮਾਇਆ ਪਈ ਹੈ, ਉਹ ਵੱਡੇ ਭਾਗਾਂ ਵਾਲਾ ਹੈ ਜਾਂ ਜਿਨ੍ਹਾਂ ਕੋਲ ਵੱਡਾ ਮਕਾਨ ਹੈ, ਉਹ ਵੱਡੇ ਭਾਗਾਂ ਵਾਲਾ ਹੈ ਜਾਂ ਕਿਸੇ ਦੇ 5-6 ਪੁੱਤਰ ਹੋ ਗਏ ਹਨ, ਉਹ ਵੱਡੇ ਭਾਗਾਂ ਵਾਲਾ ਹੈ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਹ ਦਰਜ ਹੈ :

***ਸਭ ਦੂ ਵਡੇ ਭਾਗ ਗੁਰਸਿਖਾ ਕੇ***

***ਜੋ ਗੁਰ ਚਰਣੀ ਸਿਖ ਪੜਤਿਆ ॥੧੮॥***

***(ਅੰਗ ੬੪੯)***

ਗੁਰਸਿੱਖ ਦੀ ਕਸਵੱਟੀ ਕੀ ਹੈ ਜੀ?

ਕਸਵੱਟੀ, ਜੋ ਗੁਰ ਚਰਨੀ ਸਿੱਖ ਪੜਤਿਆ। ਆਹ ਕਸਵੱਟੀ ਹੈ। ਦੁਨੀਆਂ ਕਿਤੇ ਲਿਬਾਸ ਨੂੰ ਹੀ ਨਾ ਗੁਰਸਿੱਖ ਸਮਝ ਬੈਠੇ। ਹਰ ਪੀਲੇ ਰੰਗ ਦੀ ਚੀਜ਼ ਸੋਨਾ ਨਹੀਂ ਹੁੰਦੀ। ਸੋਨੇ ਦਾ ਕੰਮ ਕਰਨ ਵਾਲਾ ਤੁਹਾਡਾ ਕਿੰਨਾ ਮਰਜ਼ੀ ਮਿੱਤਰ ਹੋਵੇ, ਜਦੋਂ ਤੁਸੀਂ ਉਸ ਦੇ ਕੋਲ ਸੋਨਾ ਵੇਚਣ ਜਾਉ ਤਾਂ ਉਹ ਕਹਿੰਦਾ ਹੈ ਕਿ ਦੋ ਮਿੰਟ ਮੈਨੂੰ ਕਸਵੱਟੀ ਤੇ ਪਰਖ ਲੈਣ ਦੇ ਕਿ ਸੋਨਾ ਕਿੰਨੇ ਕੈਰਟ ਦਾ ਹੈ। ਕੋਈ ਕੇਵਲ ਚੋਲੇ ਨੂੰ ਗੁਰਸਿੱਖ ਨਾ ਸਮਝ ਬੈਠੇ, ਇਹ ਕਸਵੱਟੀ ਨਾਲ ਲਿਖੀ :

***ਜੋ ਗੁਰ ਚਰਣੀ ਸਿਖ ਪੜਤਿਆ ॥੧੮॥***

***(ਅੰਗ ੬੪੯)***

ਪੜਤਿਆਂ। ਚਾਕਰ ਬਣ ਗਿਆ ਗੁਰੂ ਦਾ। ਪੜਤਿਆ ਕਹਿੰਦੇ ਹਨ, ਸ਼ਰਨ ਪੈ ਗਿਆ ਗੁਰੂ ਦੀ। ਪੜਤਿਆ, ਗੋਲਾ ਬਣ ਗਿਆ। ਬਾਬਾ ਨੰਦ ਸਿੰਘ ਜੀ ਕਹਿੰਦੇ ਸੀ, ਸਿੱਖ ਨੇ ਗੁਰੂ ਦਾ ਨੌਕਰ ਨਹੀਂ ਬਣਨਾ, ਚਾਕਰ ਬਣਨਾ ਹੈ, ਗੋਲਾ ਬਣਨਾ ਹੈ।

ਨੌਕਰ ਜਵਾਬ ਦੇ ਸਕਦਾ ਹੈ, ਚਾਕਰ ਵਿਕਿਆ ਹੁੰਦਾ ਹੈ। ਆਹ ਪੜਤਿਆ ਹੈ। ਨੌਕਰ ਛੁੱਟੀ ਲੈ ਸਕਦਾ ਹੈ, ਜਵਾਬ ਦੇ ਸਕਦਾ ਹੈ ਕੰਮ ਤੋਂ, ਗੋਲਾ ਨਹੀਂ, ਉਹ ਵਿਕਿਆ ਹੁੰਦਾ ਹੈ।

***ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ ॥੩॥***

*(ਅੰਗ ੧੨੫)*

ਗੁਰਸਿੱਖੀ ਦੀਆਂ ਛੇ ਨਿਸ਼ਾਨੀਆਂ ਹਨ ਗੁਰੂ ਸਾਹਿਬ ਸਿਰ ਤੇ ਹੱਥ ਰੱਖ ਕੇ ਸੇਵਾ ਲੈਣ। ਗੁਰਸਿੱਖ ਢਾਈ ਘੰਟੇ ਦਾ ਸਮਾਂ ਘੱਟ ਤੋਂ ਘੱਟ ਗੁਰੂ ਸਾਹਿਬ ਦੇ ਲੇਖੇ ਲਗਾਵੇ। ਅੰਮ੍ਰਿਤ ਵੇਲਾ ਸੰਭਾਲੇ ਪਰ ਇਹ ਕੁਝ ਵਿਸ਼ੇਸ਼ ਨਿਸ਼ਾਨੀਆਂ ਹਨ, ਕੁਝ ਉਪਰਲੀ ਅਵਸਥਾ ਦੀਆਂ ਨਿਸ਼ਾਨੀਆਂ। **ਗੁਰਸਿੱਖ ਦੀ ਪਹਿਲੀ ਨਿਸ਼ਾਨੀ- ਗੁਰਸਿੱਖ ਹਰ ਵੇਲੇ ਸੁਚੇਤ ਰਹਿ ਕੇ ਸਵਾਸਾਂ ਨੂੰ ਸਫਲਾ ਕਰਦਾ ਹੈ।** ਜਿੱਥੇ ਅੱਧਾ ਘੰਟਾ ਮਿਲਿਆ ਹੈ, ਘੰਟਾ ਸਮਾਂ ਮਿਲਿਆ ਹੈ, ਨਾਲ ਹੀ ਸੁਚੇਤ ਹੋ ਜਾਓ ਕਿ ਸਵਾਸ ਕਿਤੇ ਬਿਰਥੇ ਤਾਂ ਨਹੀਂ ਗਏ। ਇਸ ਦੀ ਸ਼ੁਰੂਆਤ ਕਰੋ, ਸੰਗਤ ਵਿੱਚ। ਸੰਗਤ ਵਿੱਚ ਜਾਂ ਜਿੱਥੇ ਵੀ ਸਤਿਸੰਗ ਹੋਵੇ, ਸ਼ੁਰੂਆਤ ਉੱਥੋਂ ਕਰੋ, ਸੁਚੇਤ ਹੋ ਕੇ ਸੰਭਾਲਣ ਦੀ। ਸੰਗਤ ਵਿੱਚ ਸੁਚੇਤ ਹੋ ਕੇ ਸੰਭਾਲਣ ਤੋਂ ਬਾਅਦ ਫਿਰ ਆਮ ਲਾਈਫ ਵਿੱਚ ਸਵਾਸਾਂ ਨੂੰ ਸੰਭਾਲੋ। ਸਫਲੇ ਕਰੋ।

ਗੁਰਦੁਆਰਾ ਸਤਿਸੰਗ ਸਭਾ, ਬਾਬਾ ਦੀਪ ਸਿੰਘ ਜੀ ਦਾ ਅਸਥਾਨ, ਬਜ਼ਾਰ ਲੁਹਾਰਾਂ ਉੱਥੇ ਇੱਕ ਵਾਰ 31 ਸ੍ਰੀ ਅਖੰਡ ਪਾਠਾਂ ਦੇ ਭੋਗ ਪਏ। 9 ਵਜੇ ਭੋਗ ਪਏ, ਸਵੇਰੇ ਸ਼ੁਰੂ ਹੋਏ ਤੇ ਦਾਸ ਦਾ ਮਨ ਸੀ ਕਿ ਸਾਢੇ 11 ਵਜੇ ਸਮਾਪਤੀ ਕਰਨੀ ਹੈ ਪਰ ਸਮਾਂ ਇਹੋ ਜਿਹਾ ਬੱਝਾ ਕਿ 12, 12:30 ਵਜ ਗਏ। ਪੌਣਾ ਇਕ ਹੋ ਗਿਆ, ਸਵਾ ਇਕ ਹੋ ਗਿਆ, ਡੇਢ ਵਜ ਗਿਆ। ਤਕਰੀਬਨ ਪੌਣੇ ਦੋ ਜਾਂ ਦੋ ਵਜੇ ਵੀ ਅਨੰਦ ਸਾਹਿਬ ਲਗਾਉਣ ਤੇ ਦਿਲ ਹੀ ਨਾ ਕਰੇ, ਦਿਲ ਕਰਦਾ ਸੀ ਕਿ ਚੱਲੀ ਜਾਵੇ, ਐਸਾ ਬੈਕੁੰਠ ਬਣਿਆ। ਇਹ ਹਉਮੈ ਵਿੱਚ ਨਹੀਂ, ਨਿਮਰਤਾ ਵਿੱਚ ਦਾਸ ਦਿਲ ਦੀ ਗੱਲ ਕਰ ਰਿਹਾ ਹੈ। ਦਾਸ ਨੌਂ ਵਜੇ ਕੀਰਤਨ ਤੇ ਬੈਠਾ ਤੇ ਬੈਠਦਿਆਂ ਹੀ ਅਰਦਾਸ ਕੀਤੀ ਕੀ ਬਾਬਾ ਜੀ, 12 ਵੱਜਣ, ਸਾਢੇ 12 ਵੱਜਣ ਜਾਂ ਇੱਕ ਵੱਜ ਜਾਵੇ, ਇੱਕ ਕਿਰਪਾ ਕਰਿਓ, ਧੰਨ ਬਾਬਾ ਦੀਪ ਸਿੰਘ ਜੀ, ਹੁਣ ਨੌਂ ਵਜੇ ਤੋਂ ਲੈ ਕੇ ਜਿੰਨੇ ਵਜੇ ਤੱਕ ਵੀ ਸੰਗਤ ਵਿੱਚ ਬੈਠਣਾ ਹੈ, ਇੱਕ ਸਵਾਸ ਵੀ ਤੁਹਾਡੇ ਚਰਨਾਂ ਦਾ ਰਸ ਲੈਣ ਤੋਂ ਬਿਨਾਂ ਖਾਲੀ ਨਾ ਜਾਵੇ। ਸੁਚੇਤ ਰਹੋ, ਪਹਿਲਾਂ ਸੰਗਤ ਵਿੱਚ ਸੁਚੇਤ ਰਿਹਾ ਕਰੋ। ਸੁਚੇਤ ਰਹਿ ਕੇ ਸਵਾਸਾਂ ਨੂੰ ਸਫਲਾ ਕਰਨਾ, ਸੰਭਾਲਣਾ, ਇਸ ਦੀ ਸ਼ੁਰੂਆਤ ਸੰਗਤ ਤੋਂ ਕਰੋ। ਸੁਚੇਤ ਰਹਿ ਕੇ ਸਵਾਸਾਂ ਨੂੰ ਸੰਭਾਲਣਾ ਹੈ, ਸਫਲਾ ਕਰਨਾ ਹੈ। ਸੰਗਤ ਤੋਂ ਸ਼ੁਰੂਆਤ ਕਰਦੇ ਕਰਦੇ ਫਿਰ ਘਰ ਦੀ ਰੋਟੀ ਪਕਾਉਂਦੇ ਵੀ ਸੁਚੇਤ ਰਹਿਣਾ ਹੈ। ਫਿਰ ਕੱਪੜੇ ਧੋਂਦਿਆਂ ਵੀ, ਕਿਰਤ ਕਰਦਿਆਂ ਵੀ, ਸਫਾਈਆਂ ਕਰਦਿਆਂ ਵੀ। ਕਿਉਂ ਸੁਚੇਤਤਾ ਆ ਜਾਵੇ? ਕਿ ਮੈਨੂੰ ਵਾਹਿਗੁਰੂ ਨਾ ਵਿਸਰੇ ਇਸ ਕਰਕੇ ਸੁਚੇਤਤਾ ਆ ਜਾਵੇ ਕਿ ਸਵਾਸਾਂ ਦੀ ਗਿਣਤੀ ਦਸ ਲੱਖ ਰੁਪਿਆ ਵੀ ਹੱਥ ਵਿੱਚ ਫੜ੍ਹ ਕੇ ਕਿਸੇ ਨੂੰ ਕਹਿ ਦਿਓ ਕਿ ਇੱਕ ਦਿਨ ਲਈ ਮੁੱਲ ਮਿਲ ਜਾਣ, ਇਹ ਨਹੀਂ ਮਿਲਦੇ। ਅਜਾਇਆਂ ਇਹ ਨਾ ਜਾਣ। ਇਹ ਹੈ ਗੁਰਸਿੱਖ ਦੀ ਪਹਿਲੀ ਨਿਸ਼ਾਨੀ- ਸੁਚੇਤ ਰਹਿ ਕੇ ਸਵਾਸਾਂ ਨੂੰ ਸੰਭਾਲਣਾ।

**ਗੁਰਸਿੱਖ ਦੀ ਦੂਜੀ ਨਿਸ਼ਾਨੀ- ਗੁਰਸਿੱਖ ਸੁਰਤੀ ਵਿੱਚ ਵੀ ਕਿਸੇ ਦਾ ਬੁਰਾ ਨਹੀਂ ਕਰਦਾ।**

**ਗੁਰਸਿੱਖ ਦੀ ਤੀਜੀ ਨਿਸ਼ਾਨੀ- ਗੁਰਸਿੱਖ ਇਕਾਂਤ ਵਿੱਚ ਵੀ ਮਾੜਾ ਕਰਮ ਕਰਨ ਤੋਂ ਡਰਦਾ ਹੈ।** ਭਾਵੇਂ ਮੈਂ ਇਕੱਲਾ ਹਾਂ, ਪਰ ਮੈਨੂੰ ਕੋਈ ਦੇਖ ਰਿਹਾ ਹੈ। ਇਸ ਦੀ ਵੀ ਬੜੀ ਲੋੜ ਹੈ। ਜਦੋਂ ਦੀਆਂ ਸਾਈਟਾਂ ਚੱਲ ਪਈਆਂ, ਇੰਟਰਨੈੱਟ ਚੱਲ ਪਿਆ,

ਦਾਸ ਨੂੰ ਤਾਂ ਬਹੁਤੇ ਨਾਂਅ ਨਹੀਂ ਆਉਂਦੇ, ਮੁੰਡੇ ਦੱਸਦੇ ਹਨ ਕਿ ਅਸੀਂ ਫੇਸ ਬੁੱਕ ਦੇ ਮੈਂਬਰ ਬਣ ਗਏ ਹਾਂ। ਅਸੀਂ ਫੇਸ ਬੁੱਕ ਤੇ ਅਗਾਂਹ ਫਰੈਂਡ ਬਣਾ ਰਹੇ ਹਾਂ। ਜਿਹੜਾ ਕੋਈ ਇਸ ਚੀਜ਼ ਨੂੰ ਕਿਸੇ ਚੰਗੇ ਕੰਮ ਵਾਸਤੇ ਪ੍ਰਯੋਗ ਕਰ ਰਿਹਾ ਹੈ, ਸ਼ੁਕਰ ਹੈ ਪਰ ਦੂਸਰੀ ਚੀਜ਼ ਤੋਂ ਪੂਰਾ ਧਿਆਨ ਰੱਖਣਾ ਹੈ। ਇਕਾਂਤ ਵਿੱਚ ਵੀ ਕੋਈ ਮਾੜੀ ਸਾਈਟ ਖੁੱਲ੍ਹ ਨਾ ਜਾਵੇ। ਇਹ ਹੈ ਗੁਰਸਿੱਖ ਦੀ ਤੀਜੀ ਨਿਸ਼ਾਨੀ- ਇਕਾਂਤ ਵਿੱਚ ਵੀ ਕੋਈ ਮਾੜਾ ਕੰਮ ਕਰਨ ਤੋਂ ਡਰਦਾ ਹੈ।

**ਗੁਰਸਿੱਖ ਦੀ ਚੌਥੀ ਨਿਸ਼ਾਨੀ- ਗੁਰਸਿੱਖ ਕਦੀ ਵੀ ਕਿਸੇ ਦੀ ਖੁਸ਼ੀ ਲਿਤਾੜ ਕੇ ਖੁਸ਼ੀ ਨਹੀਂ ਲੈਂਦਾ**, ਭਾਵੇਂ ਛੋਟੀ ਚੀਜ਼ ਹੋਵੇ ਜਾਂ ਵੱਡੀ। ਇਨਕਲਾਬ ਲਿਆ ਦਿਓ। ਇੱਕ ਵਾਰ ਦੀਵਾਨ ਦੀ ਸਮਾਪਤੀ ਤੋਂ ਬਾਅਦ ਦਾਸ ਗੱਡੀ ਵਿੱਚ ਆਪਣੇ ਘਰ ਜਾ ਰਿਹਾ ਸੀ, ਕਈ ਵਾਰੀ ਸਟੇਜ ਤੇ ਇੱਕ-ਦੋ ਮੁੰਡੇ ਦਾਸ ਦੇ ਨਾਲ ਹੁੰਦੇ ਹਨ। ਇੱਕ ਮੁੰਡੇ ਨੂੰ ਦਾਸ ਨੇ ਹਾਸੇ ਨਾਲ ਕਿਹਾ, ਤੂੰ ਅੱਜ ਕੀਰਤਨ ਕਰਦਿਆਂ ਅਲਾਪ ਕਿਉਂ ਨਹੀਂ ਚੁੱਕਿਆ? ਉਹ ਕਹਿਣ ਲੱਗਾ ਕਿ ਮੈਂ ਚੁੱਕਣ ਲੱਗਾ ਸੀ, ਜੋ ਮੇਰੇ ਨਾਲ ਵੀਰ ਬੈਠਾ ਸੀ, ਉਸ ਨੇ ਚੁੱਕ ਦਿੱਤਾ। ਦਾਸ ਨੇ ਕਿਹਾ ਕਿ ਉਸ ਦਾ ਗੋਡਾ ਨੱਪ ਕੇ ਤੂੰ ਵੀ ਅਲਾਪ ਚੁੱਕ ਦੇਣਾ ਸੀ। ਤੂੰ ਕਿਉਂ ਨਹੀਂ ਚੁੱਕਿਆ? ਉਹ ਕਹਿਣ ਲੱਗਾ ਕਿ ਤੁਸੀਂ ਆਪੇ ਤਾਂ ਕਥਾ ਵਿੱਚ ਸੁਣਾਉਂਦੇ ਹੋ ਕਿ ਕਿਸੇ ਦੀ ਖੁਸ਼ੀ ਲਿਤਾੜ ਕੇ ਖੁਸ਼ੀ ਨਹੀਂ ਲੈਣੀ। ਗੱਲ ਤਾਂ ਨਿੱਕੀ ਜਿਹੀ ਹੈ। ਪਰ ਦਾਸ ਇੱਥੇ ਆ ਕੇ ਬੜਾ ਖੁਸ਼ ਹੋਇਆ ਕਿ ਕਹਿੰਦਾ, ਉਸ ਨੂੰ ਖੁਸ਼ੀ ਮਿਲ ਗਈ ਹੈ ਤੇ ਮੈਨੂੰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਖੁਸ਼ੀ ਆਪੇ ਹੀ ਮਿਲ ਜਾਵੇਗੀ। ਇਹ ਬੱਚੇ ਨੇ ਵੱਡਾ ਗੁਣ ਸੰਭਾਲਿਆ ਹੈ, ਅਵਸਥਾ ਹੈ ਨਹੀਂ ਤਾਂ ਸੀਟਾਂ ਤੇ ਵੀ ਝਗੜਾ ਹੋ ਜਾਂਦਾ ਹੈ, ਜੇ ਅਵਸਥਾ ਨਾ ਹੋਵੇ, ਜੇ ਗਿਆਨ ਨਾ ਹੋਵੇ, ਇਹੀ ਤਾਂ ਕਲਪਨਾ ਹੈ।

***ਕਬੀਰਾ ਜਹਾ ਗਿਆਨੁ ਤਹ ਧਰਮੁ ਹੈ***
***ਜਹਾ ਝੂਠੁ ਤਹ ਪਾਪੁ ॥***

*(ਅੰਗ ੧੩੭੨)*

ਜੇ ਅੰਦਰ ਦਾ ਗਿਆਨ ਆ ਜਾਵੇ ਤਾਂ :

***ਉਲਟੀ ਰੇ ਮਨ ਉਲਟੀ ਰੇ ॥***
***ਸਾਕਤ ਸਿਉ ਕਰਿ ਉਲਟੀ ਰੇ ॥***

*(ਅੰਗ ੫੩੫)*

ਅੰਦਰ ਦਾ ਕੰਮ ਉਲਟਾ ਹੋ ਜਾਂਦਾ ਹੈ। ਕਲਪਨਾ ਆਉਣ ਦੀ ਬਜਾਏ, ਮਨ ਕੀ ਬਣ ਜਾਂਦਾ ਹੈ? ਦੂਜੇ ਨੂੰ ਮਾਣ ਦੇ ਕੇ ਉਸ ਨੂੰ ਸ਼ਾਂਤੀ ਮਿਲਦੀ ਹੈ। ਦਾਸ ਨੇ ਗੱਡੀ ਵਿੱਚ ਬੈਠੇ-ਬੈਠੇ ਆਪਣਾ ਸੀਸ ਝੁਕਾਇਆ, ਦਾਸ ਨੇ ਕਿਹਾ, ਸਾਬਾਸ਼ ਭਾਈ, ਕਿਸੇ ਨੂੰ ਮਾਣ ਦੇਣਾ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਖੁਸ਼ੀ ਝੋਲੀ ਵਿੱਚ ਪਵਾਉਣਾ ਹੈ। ਇਹ ਆਪਣੇ ਘਰ ਵਿੱਚ ਰੋਜ਼ ਯਤਨ ਕਰੋ। ਗੁਰਸਿੱਖ ਦੀ ਚੌਥੀ ਨਿਸ਼ਾਨੀ, ਕਦੀ ਵੀ ਕਿਸੇ ਦੀ ਖੁਸ਼ੀ ਲਿਤਾੜ ਕੇ ਖੁਸ਼ੀ ਨਾ ਲਓ। ਦੂਜੇ ਨੂੰ ਖੁਸ਼ੀ ਦੇ ਕੇ ਖੁਸ਼ ਰਹਿਣਾ ਹੈ। ਇਨਕਲਾਬ ਲਿਆਓ। **ਗੁਰਸਿੱਖ ਦੀ ਪੰਜਵੀਂ ਨਿਸ਼ਾਨੀ- ਗੁਰਸਿੱਖ ਦੇਖ ਕੇ ਅਣਡਿੱਠ ਕਰਨ ਦਾ ਯਤਨ ਕਰਦਾ ਹੈ।** ਹੁਣ ਗੁਰਸਿੱਖ ਦੀ ਛੇਵੀਂ ਨਿਸ਼ਾਨੀ ਦੀ ਸਤਿਗੁਰੂ ਜੀ ਸੇਵਾ ਲੈਣ। ਇੱਕ ਵਾਰੀ ਪੜ੍ਹਿਓ ਜੀ :

***ਸਭ ਦੂ ਵਡੇ ਭਾਗ ਗੁਰਸਿਖਾ ਕੇ***
***ਜੋ ਗੁਰ ਚਰਣੀ ਸਿਖ ਪੜਤਿਆ ॥੧੮॥***

*(ਅੰਗ ੬੪੯)*

**ਗੁਰਸਿੱਖ ਦੀ ਛੇਵੀਂ ਨਿਸ਼ਾਨੀ- ਗੁਰਸਿੱਖ ਮਾਇਆ ਦੇ ਲੋਭ ਤੋਂ ਉੱਤੇ ਉੱਠ ਜਾਂਦਾ ਹੈ।** ਬਾਬਾ ਨੰਦ ਸਿੰਘ ਜੀ ਦਾ ਬਚਨ ਹੈ, ਮਾਇਆ ਮਾੜੀ ਨਹੀਂ, ਮਾਇਆ ਦਾ ਲੋਭ ਮਾੜਾ ਹੈ। ਤੁਹਾਡੇ ਮੇਰੇ ਲਈ ਬਾਬਾ ਨੰਦ ਸਿੰਘ ਜੀ ਬੜਾ ਡੂੰਘਾ ਬਚਨ ਕਰਦੇ ਸੀ, ਕਹਿੰਦੇ ਸੀ, ਸਿੱਖ ਕੋਲ ਮਾਇਆ ਹੋਵੇ

ਪਰ ਜੇਬ ਤੱਕ ਰਹੇ, ਕਿਤੇ ਉਸ ਦੇ ਹਿਰਦੇ ਤੇ ਨਾ ਬੈਠ ਜਾਵੇ। ਜਿਸ ਦੇ ਹਿਰਦੇ ਤੇ ਬੈਠ ਜਾਵੇ, ਉਹ ਅਹੰਕਾਰੀ ਹੋ ਜਾਂਦਾ ਹੈ। ਜੇਬ ਤੱਕ ਰਹੇ, ਉਹ ਪੁੰਨ-ਦਾਨ ਕਰਦਾ ਹੈ। ਇਹ ਗ੍ਰਿਹਿਸਤੀ ਲਈ ਹੈ। ਛੇਵੀਂ ਨਿਸ਼ਾਨੀ, ਮਾਇਆ ਦੇ ਲੋਭ ਤੋਂ ਉੱਤੇ ਉੱਠ ਜਾਂਦਾ ਹੈ। ਅਰਦਾਸ ਕਰਿਓ, ਇਹ ਕਿਰਪਾ ਹੋ ਜਾਵੇ। ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ, ਤੁਹਾਡੇ ਵਿੱਚੋਂ ਜਿਹੜਾ ਵੀ ਮਾਇਆ ਦੇ ਲੋਭ ਤੋਂ ਉੱਤੇ ਨਹੀਂ ਉੱਠਿਆ, ਕਈ ਵਾਰੀ ਮਾਇਆ ਦੇ ਲੋਭ ਕਰਕੇ ਕਹਿੰਦਾ ਹੈ ਕਿ ਉਧਰ ਸਮਾਂ ਦੇ ਦੇਵਾਂ, ਸਤਿਸੰਗ ਟੁੱਟਦਾ ਹੈ ਤਾਂ ਭਾਵੇਂ ਟੁੱਟ ਜਾਵੇ। ਜਿਹੜਾ ਮਾਇਆ ਦੇ ਲੋਭ ਤੋਂ ਉੱਤੇ ਉੱਠਿਆ ਹੈ, ਉਹ ਸਤਿਸੰਗ ਨੂੰ ਇੱਕ ਨੰਬਰ ਤੇ ਰੱਖੇਗਾ, ਆਪਣੇ ਨਿਤਨੇਮ ਨੂੰ ਇੱਕ ਨੰਬਰ ਤੇ ਰੱਖੇਗਾ। ਸਤਿਸੰਗ ਨੂੰ ਇੱਕ ਨੰਬਰ ਤੇ ਰੱਖੇਗਾ, ਅੰਮ੍ਰਿਤ ਵੇਲੇ ਨੂੰ ਇੱਕ ਨੰਬਰ ਤੇ ਰੱਖੇਗਾ। ਮਾਇਆ ਨੂੰ ਦੋ ਨੰਬਰ ਤੇ।

ਦਿੱਲੀ ਦਾ ਪ੍ਰਸੰਗ ਸੁਣਦੇ ਹੋ, ਸੰਤ ਸੁਜਾਨ ਸਿੰਘ ਜੀ ਕੀਰਤਨ ਕਰ ਰਹੇ ਸੀ ਤੇ ਨੌਜਵਾਨ ਮੱਥਾ ਟੇਕ ਰਿਹਾ ਸੀ, ਉਨ੍ਹਾਂ ਦਾ ਫੁਰਨਾ ਬਣ ਗਿਆ ਕਿ ਦੋ ਮਹੀਨੇ ਹੋ ਗਏ ਇਸ ਨੌਜਵਾਨ ਨੂੰ ਸੰਗਤ ਵਿੱਚ ਵੇਖਿਆ ਨਹੀਂ, ਅੱਗੇ ਹਰ ਹਫਤੇ ਸੰਗਤ ਵਿੱਚ ਆਉਂਦਾ ਸੀ, ਸਮਾਪਤੀ ਹੋ ਗਈ, ਲੰਗਰ ਵਰਤ ਰਿਹਾ ਹੈ ਤੇ ਸੰਤ ਸੁਜਾਨ ਸਿੰਘ ਜੀ ਲੰਘ ਰਹੇ ਹਨ, ਉਹ ਕਿਤੇ ਸਾਹਮਣੇ ਆ ਗਿਆ ਤੇ ਪੁੱਛ ਲਿਆ ਕਿ ਭਾਈ ਤੂੰ ਦੋ ਮਹੀਨੇ ਹੋ ਗਏ, ਸੰਗਤ ਵਿੱਚ ਨਹੀਂ ਆਇਆ। ਕਹਿਣ ਲੱਗਾ, ਜੀ ਅੱਗੇ ਇੱਕ ਫਰਮ ਸੀ, ਮੈਂ ਦੋ ਫਰਮਾਂ ਹੋਰ ਖੋਲ੍ਹ ਲਈਆਂ ਹਨ, ਹੁਣ ਟਾਈਮ ਨਹੀਂ ਲੱਗਦਾ। ਗੁਰਸਿੱਖ ਨਿਤਨੇਮ ਇੱਕ ਨੰਬਰ ਤੇ ਰੱਖੇਗਾ, ਅੰਮ੍ਰਿਤ ਵੇਲਾ ਇੱਕ ਨੰਬਰ ਤੇ ਅਤੇ ਸਿਮਰਨ ਇੱਕ ਨੰਬਰ ਤੇ ਰੱਖੇਗਾ। ਇਹ ਖਿਲ੍ਹੇਰੇ ਦੋ ਨੰਬਰ ਰੱਖੇਗਾ। ਦੋ ਫਰਮਾਂ ਖੋਲ੍ਹ ਲਈਆਂ ਤੇ ਫਰਮਾਂ ਨੇ ਸਤਿਸੰਗ ਤੋਂ ਤੋੜ ਦਿੱਤਾ। ਮਾਇਆ ਦੇ ਲੋਭ ਨੇ ਤੋੜ ਦਿੱਤਾ। ਸੰਤ ਸੁਜਾਨ ਸਿੰਘ ਜੀ ਨੇ ਬਾਂਹ ਫੜ੍ਹ ਕੇ ਆਖਿਆ ਸੀ, ਆ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਤੇਰੀ ਅਰਦਾਸ ਕਰੀਏ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਤੇਰਾ ਕੰਮ ਘਟਾ ਦੇਣ। ਉਹ ਕਹਿਣ ਲੱਗਾ, ਜੀ, ਇਹ ਵੀ ਕੋਈ ਅਰਦਾਸ ਕਰਦਾ ਹੈ। ਸੰਤ ਸੁਜਾਨ ਸਿੰਘ ਜੀ ਨੇ ਤੀਰ ਮਾਰਿਆ, ਕਹਿਣ ਲੱਗੇ, ਫਿਰ ਉਸ ਮਾਇਆ ਦੇ ਖਿਲ੍ਹੇਰੇ ਨੂੰ, ਲੋਭ ਨੂੰ ਕੀ ਕਰਨਾ ਹੈ, ਜਿਸ ਮਾਇਆ ਦੇ ਲੋਭ ਨੇ ਸਤਿਸੰਗਤ ਨਾਲੋਂ ਤੋੜ ਕੇ ਰੱਖ ਦਿੱਤਾ। ਲੋਭ ਤੋਂ ਉੱਤੇ ਉੱਠ। ਗੁਰਸਿੱਖ ਦੀ ਛੇਵੀਂ ਨਿਸ਼ਾਨੀ ਮਾਇਆ ਦੇ ਲੋਭ ਤੋਂ ਉੱਤੇ ਉੱਠ ਜਾਂਦਾ ਹੈ। ਉਹ ਫਿਰ ਆਪਣੇ ਗੁਰੂ ਦੇ ਪਿਆਰ ਵਿੱਚ, ਅਸੂਲ ਵਿੱਚ ਜਿਉਂਦਾ ਹੈ, ਕਿਸੇ ਮਰਿਆਦਾ ਵਿੱਚ ਜਿਉਂਦਾ ਹੈ, ਦੋ ਲੱਖ ਵੀ ਕੋਈ ਸਾਹਮਣੇ ਢੇਰੀ ਕਰ ਦੇਵੇ, ਉਹ ਕੋਈ ਗਲਤ ਕੰਮ ਨਹੀਂ ਕਰੇਗਾ, ਕਿਸੇ ਮਰਿਆਦਾ ਵਿੱਚ ਜਿਉਂਦਾ ਹੈ। ਲੋਭ ਵਿੱਚ ਨਹੀਂ।

ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਦੇ ਸਮੇਂ, ਕਿਸੇ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਆਖਿਆ, ਕਹਿਣ ਲੱਗੇ, ਜੀ ਦੋ ਭਰਾ ਤੁਹਾਡੇ ਭਗਤ ਹਨ, ਉਨ੍ਹਾਂ ਦਾ ਨਾਂਅ ਹੈ, ਰੰਕਾ ਤੇ ਬੰਕਾ। ਸ੍ਰੀ ਕ੍ਰਿਸ਼ਨ ਜੀ ਦੇ ਬੜੇ ਪਿਆਰੇ ਭਗਤ ਹਨ। ਕਿਸੇ ਨੇ ਕਿਹਾ, ਕ੍ਰਿਸ਼ਨ ਜੀ ਇਹ ਰੰਕਾ ਤੇ ਬੰਕਾ, ਦੋਵੇਂ ਤੁਹਾਡੇ ਭਗਤ ਹਨ ਪਰ ਗਰੀਬ ਬੜੇ ਹਨ, ਇਨ੍ਹਾਂ ਨੂੰ ਮਾਇਆ ਕਿਉਂ ਨਹੀਂ ਦਿੰਦੇ, ਖੁੱਲ੍ਹਾ ਗੱਫਾ ਕਿਉਂ ਨਹੀਂ ਇਨ੍ਹਾਂ ਨੂੰ ਦਿੰਦੇ? ਕਿਸੇ ਨੇ ਕ੍ਰਿਸ਼ਨ ਜੀ ਨੂੰ ਕਿਹਾ, ਰੰਕੇ ਤੇ ਬੰਕੇ ਨੂੰ ਖੁੱਲ੍ਹੀ ਮਾਇਆ ਕਿਉਂ ਨਹੀਂ ਦਿੰਦੇ? ਗਰੀਬ ਕਿਉਂ ਰੱਖਿਆ ਹੈ? ਅੱਗੋਂ ਕ੍ਰਿਸ਼ਨ ਜੀ ਕਹਿੰਦੇ, ਮੈਂ ਤਾਂ ਦਿੰਦਾ ਹਾਂ, ਉਹ ਲੈਂਦੇ ਹੀ ਨਹੀਂ। ਪੁੱਛਦੇ ਹਨ ਕਿ ਕਿਉਂ ਨਹੀਂ ਲੈਂਦੇ? ਕਹਿੰਦੇ ਕਿ ਉਹ

ਇਸ ਕਰਕੇ ਨਹੀਂ ਲੈਂਦੇ ਕਿਉਂਕਿ ਕਈ ਵਾਰੀ ਬਹੁਤ ਜ਼ਿਆਦਾ ਮਾਇਆ ਭਗਤੀ ਵਿੱਚ ਰੁਕਾਵਟ ਪਾ ਦਿੰਦੀ ਹੈ। ਇਸ ਦਾ ਲੋਭ ਭਗਤੀ ਵਿੱਚ ਰੁਕਾਵਟ ਪਾ ਦਿੰਦਾ ਹੈ। ਇਸ ਕਰਕੇ ਉਹ ਲੈਂਦੇ ਨਹੀਂ ਹਨ। ਕਿਸੇ ਸਰੀਰ ਨੇ ਕਿਹਾ ਕਿ ਜੀ ਮੈਂ ਨਹੀਂ ਮੰਨਦਾ। ਸ੍ਰੀ ਕ੍ਰਿਸ਼ਨ ਜੀ ਕਹਿੰਦੇ ਕਿ ਜੇ ਨਹੀਂ ਮੰਨਦਾ ਤਾਂ ਤੂੰ ਅੱਖੀਂ ਵੇਖ ਲੈ। ਕੁਝ ਮੋਹਰਾਂ ਦੀ ਥੈਲੀ ਦਿੱਤੀ, ਕਹਿਣ ਲੱਗੇ ਕਿ ਰੰਕਾ ਤੇ ਬੰਕਾ ਇਧਰੋਂ ਲੰਘਦੇ ਹਨ, ਰਸਤੇ ਵਿੱਚ ਥੈਲੀ ਰੱਖ ਦੇ ਅਤੇ ਆਪ ਲੁੱਕ ਕੇ ਬਹਿ ਜਾ। ਅੱਜ ਵੇਖ ਲੈ। ਇਹ ਦੁਆਪਰ ਯੁੱਗ ਦਾ ਪਿਆਰ ਭਰਿਆ ਬਚਨ ਹੈ।

ਰੰਕਾ ਅੱਗੇ ਸੀ, ਬੰਕਾ ਤਿੰਨ ਚਾਰ ਮਿੰਟ ਦੇ ਰਾਹ ਦਾ ਤੇ ਪਿੱਛੇ ਸੀ। ਜਦੋਂ ਰੰਕਾ ਆ ਰਿਹਾ ਹੈ, ਵੇਖਿਆ ਹੈ, ਮੋਹਰਾਂ ਦੀ ਥੈਲੀ। ਉਸ ਨੇ ਰੋਣਾ ਸ਼ੁਰੂ ਕਰ ਦਿੱਤਾ, ਕਹਿਣ ਲੱਗਾ, ਸੱਪਣੀ, ਨਾਗਣੀ। ਕੀ ਕੀਤਾ? ਫਟਾਫਟ ਥੋੜ੍ਹੀ ਮਿੱਟੀ ਇਕੱਠੀ ਕਰਕੇ ਉਸ ਥੈਲੀ ਤੇ ਮਿੱਟੀ ਪਾ ਦਿੱਤੀ। ਕੋਲ ਖਲੋ ਕੇ ਰੋਈ ਜਾ ਰਿਹਾ ਹੈ। ਜਿਸ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਸਵਾਲ ਕੀਤਾ, ਉਹ ਲੁੱਕ ਕੇ ਵੇਖਦਾ ਪਿਆ ਹੈ। ਇੰਨੇ ਨੂੰ ਬੰਕਾ ਆ ਗਿਆ। ਕਹਿਣ ਲੱਗਾ ਕਿ ਕੀ ਗੱਲ ਹੈ? ਕਿਉਂ ਰੋ ਰਿਹਾ ਹੈਂ? ਕਹਿਣ ਲੱਗਾ ਕਿ ਸੱਪਣੀ ਮਿਲ ਗਈ ਸੀ, ਰਾਹ ਵਿੱਚ ਡੰਗ ਮਾਰਨ ਲੱਗੀ ਸੀ। ਲੋਭ ਆ ਚੱਲਿਆ ਸੀ ਕਿ ਚੁੱਕ ਲਵਾਂ, ਡੰਗ ਮਾਰਨ ਲੱਗੀ ਸੀ। ਕਿਸੇ ਨੂੰ ਸ਼ੱਕ ਨਾ ਆ ਜਾਵੇ ਕਿ ਭਾਈ ਜੀ ਮਾਇਆ ਨੂੰ ਸੱਪਣੀ ਕਹੀ ਜਾਂਦੇ ਹਨ। ਨਾਗਣੀ ਕਹੀ ਜਾਂਦੇ ਹਨ। ਇਹ ਗੁਰੂ ਸਾਹਿਬ ਨੇ ਵੀ ਕਿਹਾ ਹੈ ਜੀ। ਮੋਹਰ ਲੱਗ ਜਾਵੇਗੀ :

***ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥***
***ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥***

*(ਅੰਗ ੫੧੦)*

ਇਹ ਮੋਹਰ ਲਗਾ ਲਈ ਹੈ ਜੀ। ਗੁਰੂ ਸਾਹਿਬ ਨੇ ਵੀ ਕਿਹਾ ਹੈ, ਮਾਇਆ ਹੋਈ ਨਾਗਣੀ। ਇੰਨੇ ਨੂੰ ਬੰਕਾ ਆ ਗਿਆ, ਕਹਿਣ ਲੱਗਾ, ਰੰਕਾ ਜੀ, ਰੋਂਦੇ ਕਿਉਂ ਪਏ ਹੋ? ਰੰਕਾ ਜੀ ਕਹਿੰਦੇ, ਜੀ ਸੱਪਣੀ ਮਿਲ ਗਈ। ਡੰਗ ਮਾਰਨ ਲੱਗੀ ਸੀ। ਬੰਕਾ ਜੀ ਕਹਿੰਦੇ, ਫਿਰ? ਕਹਿੰਦੇ, ਮੈਂ ਉੱਤੇ ਮਿੱਟੀ ਪਾ ਦਿੱਤੀ ਕਿ ਤੁਹਾਡਾ ਵੀ ਬਚਾਅ ਹੋ ਜਾਵੇ। ਤੁਸੀਂ ਵੀ ਇੱਥੋਂ ਲੰਘਣਾ ਹੈ। ਮੈਂ ਮਿੱਟੀ ਪਾ ਕੇ ਢੱਕ ਦਿੱਤੀ ਕਿ ਤੁਹਾਨੂੰ ਵੀ ਡੰਗ ਨਾ ਮਾਰ ਜਾਵੇ। ਮੈਂ ਬੜੀ ਮੁਸ਼ਕਿਲ ਬਚਿਆ ਹਾਂ। ਜਦੋਂ ਇੰਨੀ ਗੱਲ ਕਹੀ ਤਾਂ ਬੰਕਾ ਵੀ ਰੋਣ ਲੱਗ ਪਿਆ। ਰੰਕਾ ਕਹਿੰਦਾ, ਬੰਕਾ ਜੀ, ਤੁਸੀਂ ਕਿਉਂ ਰੋਣ ਲੱਗੇ ਪਏ ਹੋ? ਤੁਸੀਂ ਤਾਂ ਵੇਖੀ ਵੀ ਨਹੀਂ? ਤੁਸੀਂ ਮੋਹਰਾਂ ਦੀ ਥੈਲੀ ਵੇਖੀ ਵੀ ਨਹੀਂ, ਮੈਂ ਪਹਿਲਾਂ ਹੀ ਮਿੱਟੀ ਪਾ ਦਿੱਤੀ। ਤੁਸੀਂ ਕਿਉਂ ਰੋ ਰਹੇ ਹੋ? ਅੱਗੋਂ ਬੰਕਾ ਕਹਿੰਦਾ ਹੈ ਕਿ ਮੈਂ ਤਾਂ ਰੋ ਰਿਹਾ ਹਾਂ ਰੰਕਾ ਜੀ, ਤੁਹਾਨੂੰ ਇਹ ਮਾਇਆ ਨਜ਼ਰ ਆਈ ਤੇ ਤੁਸੀਂ ਉਸ ਤੇ ਮਿੱਟੀ ਪਾ ਦਿੱਤੀ। ਬੰਕਾ ਕਹਿੰਦਾ, ਰੰਕਾ ਜੀ, ਮੈਂ ਇਸ ਲਈ ਰੋ ਰਿਹਾ ਹਾਂ ਕਿ ਤੁਹਾਡੀ ਅਜੇ ਇਹ ਅਵਸਥਾ ਕਿਉਂ ਨਹੀਂ ਬਣੀ? ਤੁਸੀਂ ਉੱਥੇ ਕਿਉਂ ਨਹੀਂ ਪਹੁੰਚੇ? ਤੁਹਾਡੀ ਅਵਸਥਾ ਇੱਥੋਂ ਤੱਕ ਹੈ ਕਿ ਮੈਂ ਮੋਹਰਾਂ ਤੇ ਮਿੱਟੀ ਪਾ ਦਿੱਤੀ ਹੈ। ਇੱਥੇ ਪਹੁੰਚ ਜਾਓ, ਤੁਸੀਂ ਮੋਹਰਾਂ ਤੇ ਮਿੱਟੀ ਨਹੀਂ ਪਾਈ, ਸਗੋਂ ਮਿੱਟੀ ਤੇ ਮਿੱਟੀ ਪਾਈ ਹੈ। ਧਿਆਨ ਦੇਣਾ ਜੀ। ਮੈਂ ਤਾਂ ਰੋ ਰਿਹਾ ਹਾਂ ਕਿ ਤੈਨੂੰ ਮਾਇਆ ਕਿਉਂ ਨਜ਼ਰ ਆਈ ਅਤੇ ਤੇਰੀ ਅਵਸਥਾ ਇਹ ਕਿਉਂ ਨਹੀਂ ਬਣੀ ਕਿ ਮਿੱਟੀ ਤੇ ਤੂੰ ਮਿੱਟੀ ਪਾਈ ਹੈ। ਇਹ ਅਵਸਥਾ ਹੈ। ਜਿਸ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਸਵਾਲ ਕੀਤਾ ਸੀ ਕਿ ਇੰਨੇ ਗਰੀਬ ਹਨ, ਇੰਨ੍ਹਾਂ ਨੂੰ ਕੁਝ ਦਿੰਦੇ ਕਿਉਂ ਨਹੀਂ? ਉਸ ਨੇ ਰੰਕੇ ਤੇ ਬੰਕੇ ਦੇ ਚਰਨ ਫੜ੍ਹ ਲਏ ਕਿ ਤੁਸੀਂ ਇੰਨੇ ਵੱਡੇ ਭਗਤ ਹੋ। ਇਨ੍ਹਾਂ ਦਾ ਮਨ ਮਾਰਿਆ ਗਿਆ ਹੈ, ਆਹ ਗੁਰਸਿੱਖ ਦੀ ਛੇਵੀਂ ਨਿਸ਼ਾਨੀ, ਉਹ ਮਾਇਆ ਦੇ ਲੋਭ ਤੋਂ ਉੱਤੇ ਉੱਠ

ਜਾਂਦਾ ਹੈ।

*ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥*
*ਚਰਣੀ ਲਾਗੈ ਤਾ ਮਹਲੁ ਪਾਵੈ ॥*
*(ਅੰਗ ੨੩੧)*

ਦੇਖ ਲਵੋਂ, ਗੁਰਬਾਣੀ ਹੈ।

*ਗਿਆਨੀ ਕੀ ਹੋਇ ਵਰਤੀ ਦਾਸਿ ॥*
*ਕਰ ਜੋੜੇ ਸੇਵਾ ਕਰੇ ਅਰਦਾਸਿ ॥*
*ਜੋ ਤੂੰ ਕਹਹਿ ਸੁ ਕਾਰ ਕਮਾਵਾ ॥*
*ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥੪॥੧॥*
*(ਅੰਗ ੩੭੦)*

ਛੇਵੀਂ ਨਿਸ਼ਾਨੀ, ਉਹ ਮਾਇਆ ਦੇ ਲੋਭ ਤੋਂ ਉੱਤੇ ਉੱਠ ਜਾਂਦੇ ਹਨ। ਭਗਤ ਨਾਮਦੇਵ ਜੀ ਦੇ ਵੇਲੇ, ਉਨ੍ਹਾਂ ਦੀ ਸੋਭਾ ਬਹੁਤ ਵੱਧ ਗਈ ਸੀ। ਉਸ ਇਲਾਕੇ ਵਿੱਚ ਇੱਕ ਸੇਠ ਸੀ। ਉਸ ਦੀ ਸੋਭਾ ਘੱਟ ਗਈ। ਉਹ ਆਪਣੇ ਚੇਲਿਆਂ ਨੂੰ ਪੁੱਛਦਾ ਹੈ ਕਿ ਸੋਭਾ ਕਿਵੇਂ ਹੋਵੇ? ਭਗਤ ਨਾਮਦੇਵ ਜੀ ਦਾ ਸਾਰੇ ਪਾਸੇ ਜੱਸ ਹੈ, ਬੜੀ ਵਡਿਆਈ ਹੈ। ਇੱਕ ਵਿੱਚੋਂ ਕਹਿਣ ਲੱਗਾ ਕਿ ਜੀ, ਤੁਸੀਂ ਸੋਨਾ ਦਾਨ ਕਰੋ। ਫਿਰ ਸਾਰੇ ਤੁਹਾਡੀ ਸਿਫਤ ਕਰਨਗੇ। ਚਲੋ ਠੀਕ ਹੈ, ਸੋਭਾ ਹੋਣੀ ਚਾਹੀਦੀ ਹੈ। ਜਿਸ ਤਰ੍ਹਾਂ ਮਰਜ਼ੀ ਹੋਵੇ। ਫਲਾਣੀ ਤਾਰੀਖ ਨੂੰ ਸੋਨਾ ਦਾਨ ਕੀਤਾ ਜਾਵੇਗਾ। ਭੀੜਾਂ ਲੱਗ ਗਈਆਂ। ਲੋਭ ਵਾਲਿਆਂ ਦੀਆਂ ਭੀੜਾਂ ਲੱਗ ਗਈਆਂ। ਜਦੋਂ ਭੀੜਾਂ ਲੱਗ ਗਈਆਂ ਤਾਂ ਸੇਠ ਕਹਿੰਦਾ ਹੈ ਕਿ ਭੀੜ ਵਿੱਚ ਕਿਤੇ ਭਗਤ ਨਾਮਦੇਵ ਜੀ ਆ ਜਾਣ ਤਾਂ ਬਹੁਤ ਵਧੀਆ ਹੋ ਜਾਵੇਗਾ। ਕੀ ਕਰੀਏ? ਤਿੰਨ-ਚਾਰ ਸਰੀਰ ਜਾ ਕੇ ਭਗਤ ਨਾਮਦੇਵ ਜੀ ਨੂੰ ਕਹੋ ਕਿ ਸੇਠ ਦੀ ਸ਼ਰਧਾ ਹੈ, ਉਨ੍ਹਾਂ ਨੇ ਅੱਜ ਸੋਨਾ ਦਾਨ ਕਰਨਾ ਹੈ ਅਤੇ ਉਨ੍ਹਾਂ ਦੀ ਸ਼ਰਧਾ ਹੈ ਕਿ ਇਸ ਦੀ ਸ਼ੁਰੂਆਤ ਤੁਹਾਡੇ ਤੋਂ ਕਰਨੀ ਹੈ। ਮਤਲਬ ਕਿ ਕਿਸੇ ਬਹਾਨੇ ਆਉਣਗੇ ਤੇ ਸਾਰੇ ਦੇਖਣਗੇ ਕਿ ਭਗਤ ਨਾਮਦੇਵ ਜੀ ਵੀ ਆ ਗਏ।

ਭਗਤ ਨਾਮਦੇਵ ਜੀ ਨੂੰ ਕਹਿੰਦੇ ਕਿ ਸੇਠ ਨੇ ਸੋਨਾ ਦਾਨ ਕਰਨਾ ਹੈ, ਤੁਸੀਂ ਆਵੋ। ਭਗਤ ਨਾਮਦੇਵ ਜੀ ਕਹਿੰਦੇ ਕਿ ਸਾਨੂੰ ਲੋੜ ਹੀ ਨਹੀਂ ਹੈ। ਗੁਰਸਿੱਖ ਦੀ ਛੇਵੀਂ ਨਿਸ਼ਾਨੀ, ਲੋਭ ਤੇ ਮੋਹ ਤੋਂ ਉੱਤੇ ਉੱਠ ਜਾਂਦਾ ਹੈ। ਸਾਨੂੰ ਨਹੀਂ ਲੋੜ। ਉਹ ਕਹਿੰਦੇ ਕਿ ਜੀ, ਤੁਹਾਨੂੰ ਨਹੀਂ ਲੋੜ ਪਰ ਤੁਹਾਡੇ ਨਾ ਆਉਣ ਨਾਲ ਕਿੰਨੇ ਗਰੀਬਾਂ ਨੂੰ ਮਿਲਣਾ ਹੀ ਨਹੀਂ। ਉਸ ਦੀ ਸ਼ਰਧਾ ਹੈ ਕਿ ਸ਼ੁਰੂਆਤ ਤੁਹਾਡੇ ਤੋਂ ਕਰਨੀ ਹੈ। ਹੁਣ ਭਗਤ ਨਾਮਦੇਵ ਜੀ ਅੰਦਰੋਂ ਸਮਝ ਗਏ ਤੇ ਕਹਿੰਦੇ ਚਲੋ, ਫਿਰ ਚਲਦੇ ਹਾਂ। ਜਦੋਂ ਭਗਤ ਨਾਮਦੇਵ ਜੀ ਆ ਗਏ ਤਾਂ ਸਾਰੇ ਹੈਰਾਨ ਕਿ ਭਗਤ ਨਾਮਦੇਵ ਜੀ, ਇਹ ਵੀ ਲਾਈਨ ਵਿੱਚ ਲੱਗ ਗਏ। ਇਹ ਵੀ ਸੋਨਾ ਲੈਣ ਲੱਗ ਗਏ।

ਤੱਕੜੀ ਹੱਥ ਵਿੱਚ ਹੈ, ਸੇਠ ਕਹਿੰਦਾ ਹੈ, ਭਗਤ ਨਾਮਦੇਵ ਜੀ, ਤੁਹਾਨੂੰ ਕਿੰਨਾ ਸੋਨਾ ਦਾਨ ਵਿੱਚ ਦੇਵਾਂ? ਭਗਤ ਨਾਮਦੇਵ ਜੀ ਨੇ ਤੁਲਸੀ ਦਾ ਪੱਤਾ ਦਿੱਤਾ, ਕਹਿੰਦੇ ਕਿ ਇਸ ਦੇ ਵਜ਼ਨ ਜਿੰਨਾ। ਕਹਿੰਦਾ ਬੱਸ ਇੰਨਾ ਕੁ? ਭਗਤ ਨਾਮਦੇਵ ਜੀ ਕਹਿੰਦੇ, ਹਾਂ ਜੀ, ਬੱਸ ਪੱਤੇ ਦੇ ਭਾਰ ਜਿੰਨਾ। ਹੁਣ ਉਸ ਨੇ ਤੁਲਸੀ ਦਾ ਪੱਤਾ ਇੱਕ ਛਾਬੇ ਵਿੱਚ ਰੱਖਿਆ ਅਤੇ ਦੂਜੇ ਛਾਬੇ ਵਿੱਚ ਥੋੜ੍ਹਾ ਜਿਹਾ ਸੋਨਾ ਰੱਖਿਆ ਤਾਂ ਤੁਲਸੀ ਦੇ ਪੱਤੇ ਵਾਲਾ ਛਾਬਾ ਥੱਲੇ। ਹੋਰ ਸੋਨਾ ਰੱਖਿਆ, ਫਿਰ ਤੁਲਸੀ ਵਾਲਾ ਛਾਬਾ ਥੱਲੇ। ਹੋਰ 100 ਗ੍ਰਾਮ ਰੱਖ ਦਿੱਤਾ, 500 ਗ੍ਰਾਮ ਸੋਨਾ ਰੱਖ ਦਿੱਤਾ ਤਾਂ ਵੀ ਤੁਲਸੀ ਵਾਲਾ ਛਾਬਾ ਥੱਲੇ। ਉਸ ਸਮੇਂ ਹੁਣ ਜਿੰਨਾ ਮਹਿੰਗਾ ਨਹੀਂ ਹੋਣਾ ਸੋਨਾ। ਕਿਲੋ ਸੋਨਾ ਜਿੰਨਾ ਉਸ ਨੇ ਸੋਚਿਆ, ਇੱਕ ਛਾਬੇ ਵਿੱਚ ਰੱਖਿਆ ਤੇ ਦੂਜੇ ਵਿੱਚ ਤੁਲਸੀ ਦਾ ਪੱਤਾ। ਹੁਣ ਤੁਲਸੀ ਵਾਲਾ ਪੱਤਾ ਤਾਂ ਵੀ ਥੱਲੇ।

ਭਗਤ ਨਾਮਦੇਵ ਜੀ ਨੇ ਹਉਮੈ ਲਾਹੁਣੀ ਸੀ। ਸੇਠ ਜੀ ਦਿਓ, ਤੁਲਸੀ ਦੇ ਪੱਤੇ ਦੇ ਭਾਰ ਜਿੰਨਾ ਸੋਨਾ। ਉਹ ਕਹਿੰਦਾ ਹੈ ਕਿ ਪੱਤਾ ਤਾਂ ਹਲਕਾ ਜਿਹਾ ਹੈ ਮੈਂ ਦੂਜੇ ਛਾਬੇ ਵਿੱਚ ਸਾਰਾ ਹੀ ਸੋਨਾ ਪਾ ਦਿੱਤਾ ਹੈ ਪਰ ਤੁਲਸੀ ਦੇ ਪੱਤੇ ਵਾਲਾ ਛਾਬਾ ਤਾਂ ਹਿਲਿਆ ਹੀ ਨਹੀਂ। ਭਗਤ ਨਾਮਦੇਵ ਜੀ ਇਹ ਕੀ ਗੱਲ ਹੈ? ਅੱਗੋਂ ਭਗਤ ਨਾਮਦੇਵ ਜੀ ਕਹਿੰਦੇ, ਸੇਠ ਜੀ, ਤੁਲਸੀ ਦੇ ਪੱਤੇ ਨੂੰ ਧਿਆਨ ਨਾਲ ਵੇਖੋ? ਕੀ ਲਿਖਿਆ ਹੈ? ਲਿਖਿਆ ਹੋਇਆ ਕੀ ਸੀ? ਪਰਮੇਸ਼ਰ ਦਾ ਨਾਂ, ਰਾਮ। ਘਟ ਘਟ ਵਿੱਚ ਰਮਿਆ ਹੋਇਆ। ਤੁਸੀਂ ਜਿੰਨਾ ਮਰਜ਼ੀ ਸੋਨਾ ਦਾਨ ਕਰ ਲਵੋ, ਨਾਮ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। ਉਸ ਨੂੰ ਗਿਆਨ ਦਿੱਤਾ। ਇਹ ਕੀ ਸੀ? ਇੱਕ ਭਗਤ ਲੋਭ ਤੋਂ ਉੱਤੇ ਉੱਠਿਆ ਸੀ ਅਤੇ ਦੂਜੇ ਦੇ ਅੰਦਰ ਵੀ ਅਵਸਥਾ ਬਣਾ ਸਕਿਆ। ਜੇ ਕੋਈ ਆਪ ਇਸ ਤੋਂ ਉੱਤੇ ਨਾ ਉੱਠਿਆ ਹੋਵੇ ਤਾਂ ਦੂਜੇ ਨੂੰ ਕਿਵੇਂ ਉਠਾ ਸਕਦਾ ਹੈ? ਗੁਰੂ ਦੀ ਕਿਰਪਾ ਹੈ।

ਜਿੰਨੀ ਸੰਗਤ ਹੈ, ਤੁਸੀਂ ਗ੍ਰਿਹਸਤੀ ਹੋ, ਕਿਰਤੀ ਹੋ। ਮਾਇਆ ਦੇ ਲੋਭ ਕਰਕੇ ਕਈ ਵਾਰੀ ਕੁਝ ਚੀਜ਼ਾਂ ਗਲਤ ਹੋ ਜਾਂਦੀਆਂ ਹਨ। ਉਨ੍ਹਾਂ ਤੋਂ ਬਚਾਅ ਰੱਖਣਾ। ਸ੍ਰੀ ਗੋਇੰਦਵਾਲ ਸਾਹਿਬ ਜਦੋਂ ਬਾਉਲੀ ਸਾਹਿਬ ਸੰਪੂਰਨ ਹੋਈ, ਬੜਾ ਵੱਡਾ ਲੰਗਰ ਕੀਤਾ ਗਿਆ। ਤੁਹਾਨੂੰ ਪਤਾ ਹੈ ਕਿ ਸ੍ਰੀ ਗੋਇੰਦਵਾਲ ਸਾਹਿਬ ਇੱਕ ਤਪਾ ਸੀ, ਉਸ ਨੂੰ ਵੀ ਸੱਦਾ ਦਿੱਤਾ, ਗੁਰੂ ਘਰ ਦੀ ਰਵਾਇਤ ਹੈ, ਜਦੋਂ ਤਪੇ ਨੂੰ ਸੱਦਾ ਦੇਣ ਗਏ ਕਿ ਤਪਾ ਜੀ, ਬਾਉਲੀ ਸਾਹਿਬ ਸੰਪੂਰਨ ਹੋਈ ਹੈ, ਸਭ ਨੂੰ ਲੰਗਰ ਛਕਾਉਣਾ ਹੈ, ਤੁਸੀਂ ਵੀ ਆਇਓ। ਅੱਗੋਂ ਉਹ ਕੀ ਕਹਿੰਦਾ ਹੈ? ਕਹਿੰਦਾ ਹੈ ਕਿ ਇੱਕ ਬੜੇ ਵੱਡੇ ਸ਼ਾਹੂਕਾਰ ਦੇ ਘਰ ਮੇਰਾ ਪਰਸ਼ਾਦਾ ਹੈ। (ਧੰਨ ਸ੍ਰੀ) ਗੁਰੂ ਅਮਰਦਾਸ ਜੀ ਨੂੰ ਕਹਿ ਦਿਓ ਕਿ ਮੇਰੇ ਕੋਲ ਟਾਈਮ ਨਹੀਂ। ਮੈਂ ਨਹੀਂ ਆ ਸਕਦਾ। ਸਤਿਬਚਨ। ਆ ਕੇ ਕਹਿ ਦਿੱਤਾ ਕਿ ਤਪਾ ਨਹੀਂ ਆ ਸਕਦਾ। ਜਦੋਂ ਉਸ ਨੇ ਸਿੱਖਾਂ ਨੂੰ ਵਾਪਸ ਭੇਜ ਦਿੱਤਾ ਤਾਂ ਇੱਕ ਘੰਟੇ ਬਾਅਦ ਪਤਾ ਲੱਗਾ ਕਿ ਜਿਹੜਾ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਭੋਜਨ ਛਕਾਉਣਾ ਹੈ, ਅੱਜ ਬਾਉਲੀ ਸਾਹਿਬ ਦੀ ਸੰਪੂਰਨਤਾ ਦੀ ਖੁਸ਼ੀ ਵਿੱਚ ਤੇ ਨਾਲ ਸਾਰਿਆਂ ਨੂੰ ਪੰਜ-ਪੰਜ ਮੋਹਰਾਂ ਦੇਣੀਆਂ ਹਨ। ਹੁਣ ਤਪਾ ਸੋਚਣ ਲੱਗਾ, ਉੱਥੇ ਤਾਂ ਪੰਜ-ਪੰਜ ਮੋਹਰਾਂ ਮਿਲਣੀਆਂ ਹਨ ਤੇ ਮੈਂ ਮਨ੍ਹਾਂ ਕਰ ਦਿੱਤਾ। ਜਿੱਥੇ ਸ਼ਾਹੂਕਾਰ ਦੇ ਭੋਜਨ ਤੇ ਤਪੇ ਨੇ ਜਾਣਾ ਸੀ, ਉਸ ਨੂੰ ਕੈਂਸਲ ਕਰ ਦਿੱਤਾ ਤੇ ਤਪਾ ਤੁਰ ਪਿਆ ਸ੍ਰੀ ਗੋਇੰਦਵਾਲ ਸਾਹਿਬ ਨੂੰ। ਰਸਤੇ ਵਿੱਚ ਸੋਚਦਾ ਆ ਰਿਹਾ ਹੈ ਪੰਜ ਮੋਹਰਾਂ ਮਿਲਣੀਆਂ ਹਨ, ਭੋਜਨ ਇੱਧਰ ਛਕਣਾ ਚਾਹੀਦਾ ਹੈ। ਇਹ ਲੋਭ ਹੈ ਜੀ, ਦਰਸ਼ਨ ਕਰਨਾ। ਫਿਰ ਸੋਚਦਾ ਹੈ ਕਿਉਂ ਨਾ ਹੋਵੇ, ਆਪਣੇ ਪੁੱਤਰ ਨੂੰ ਵੀ ਨਾਲ ਲੈ ਲਵਾਂ, ਪੰਜ ਮੋਹਰਾਂ ਉਸ ਨੂੰ ਵੀ ਮਿਲਣਗੀਆਂ। ਹੁਣ ਜਦੋਂ ਅੱਗੇ ਗਿਆ, ਹੁਣ ਜਿੰਨਿਆਂ ਨੂੰ ਲੰਗਰ ਛਕਾਉਣਾ ਸੀ, ਉਹ ਪੰਗਤਾਂ ਲੱਗ ਚੁੱਕੀਆਂ ਸਨ, ਜਿਨ੍ਹਾਂ ਨੂੰ ਵੀ ਲੰਗਰ ਛਕਾਉਣਾ ਸੀ, ਜਿੰਨੇ ਵੀ ਸੰਤ ਫਕੀਰ ਸਨ, ਪੰਜ-ਪੰਜ ਮੋਹਰਾਂ ਸਤਿਕਾਰ ਵਜੋਂ ਨਾਲ ਮਿਲਣੀਆਂ ਸਨ। ਹੁਣ ਸਭ ਪੰਗਤਾਂ ਲੱਗ ਗਈਆਂ। ਗੇਟ ਬੰਦ। ਇਹ ਜਦੋਂ ਪਹੁੰਚਿਆ, ਲਾਲਚ ਵਿੱਚ ਮੁੰਡਾ ਨਾਲ ਲਿਆਇਆ ਹੈ ਤਾਂ ਇਸ ਨੂੰ ਕਿਹਾ ਗਿਆ ਕਿ ਹੁਣ ਤਾਂ ਗੇਟ ਬੰਦ ਹੋ ਗਿਆ ਹੈ, ਪੰਗਤਾਂ ਲੱਗ ਚੁੱਕੀਆਂ ਹਨ, ਤੁਸੀਂ ਲੇਟ ਆਏ ਹੋ।

ਇਤਿਹਾਸ ਵਿੱਚ ਲਿਖਿਆ ਹੈ ਕਿ ਅੰਦਰ ਮੋਹਰਾਂ ਦਾ ਲਾਲਚ ਇੰਨਾ ਹੈ ਕਿ ਆਪਣੇ ਮੁੰਡੇ ਨੂੰ ਕਹਿੰਦਾ ਹੈ ਕਿ ਮੈਂ ਥੱਲੇ ਬੈਠਦਾ ਹਾਂ ਤੇ ਤੂੰ ਮੇਰੇ ਉੱਤੇ ਪੈਰ ਰੱਖ ਕੇ ਲੰਗਰ ਵਿੱਚ ਕੰਧ ਟੱਪ ਕੇ ਛਾਲ ਮਾਰ

*—ਬਾਕੀ ਹਿੱਸਾ ਪੰਨਾ 32 'ਤੇ ਪੜ੍ਹੋ ਜੀ*

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਸੰਗ੍ਰਹਿ ਕਰਤਾ
-ਸੰਪਾਦਕ

ਲੜੀ ਜੋੜਨ ਲਈ
ਪਿਛਲਾ ਅੰਕ ਦੇਖੋ ਜੀ:-

314

ਜਿਸ ਤਰ੍ਹਾਂ ਸਾਡੇ ਸਰੀਰ ਲਈ ਭੋਜਨ ਅਤੇ ਕੱਪੜੇ ਦੀ ਜ਼ਰੂਰਤ ਹੈ, ਇਸ ਤਰ੍ਹਾਂ ਆਤਮਾ ਲਈ ਭਜਨ ਤੇ ਨਿਤਨੇਮ ਦੀ ਜ਼ਰੂਰਤ ਹੈ।

315

ਸਾਡੇ ਪਾਸ ਆਉਣ ਦੀ ਥਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕਰਿਆ ਕਰੋ। ਸਾਰੇ ਕਾਰਜ ਪੂਰੇ ਹੋਣਗੇ। ਭਾਵਨਾ ਬਣਾਉਣੀ ਪਵੇਗੀ। ਅਸੀਂ ਵੀ ਤਾਂ ਉਨ੍ਹਾਂ ਅੱਗੇ ਹੀ ਅਰਦਾਸ ਕਰਦੇ ਹਾਂ।

## ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ

5

ਨਿਤਨੇਮ ਹਰ ਰੋਜ਼ ਕਰਨਾ ਚਾਹੀਦਾ ਹੈ। ਨਿਤਨੇਮ ਸਿੱਖੀ ਦੀ ਪੂੰਜੀ ਹੈ, ਦੌਲਤ ਅਤੇ ਜਾਇਦਾਦ ਹੈ।

ਬੱਚਿਆਂ ਲਈ ਵਿਸ਼ੇਸ਼

### ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ **"400 ਸਾਲ ਗੁਰ ਇਤਿਹਾਸ ਦੇ ਨਾਲ"** ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

56. ਪ੍ਰ: **ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ਅਤੇ ਉਨ੍ਹਾਂ ਦਾ ਜੀਵਨ ਬਾਰੇ ਸੰਖੇਪ ਝਾਤ ਪਾਓ?**

ਉ: ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਦਾ ਜਨਮ ਸੰਨ 1686 ਨੂੰ ਪਾਉਂਟਾ ਸਾਹਿਬ ਵਿਖੇ ਮਾਤਾ ਸੁੰਦਰੀ ਜੀ ਦੀ ਕੁੱਖ ਤੋਂ ਹੋਇਆ। ਸਾਹਿਬਜ਼ਾਦੇ ਦੀ ਸਿਖਲਾਈ ਪੜ੍ਹਾਈ ਗੁਰੂ ਸਾਹਿਬ ਜੀ ਦੀ ਨਿਗਰਾਨੀ ਹੇਠ ਹੋਈ। ਘੋੜ-ਸਵਾਰੀ, ਸ਼ਸਤ੍ਰ-ਵਿਦਿਆ, ਤੀਰ-ਅੰਦਾਜ਼ੀ ਵਿੱਚ ਸਾਹਿਬਜ਼ਾਦਿਆਂ ਨੂੰ ਨਿਪੁੰਨ ਕਰ ਦਿੱਤਾ ਗਿਆ।

ਇੱਕ ਵਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੀਵਾਨ ਸਜਿਆ ਹੋਇਆ ਸੀ ਕਿ ਇੱਕ ਬ੍ਰਾਹਮਣ ਜਿਸ ਦਾ ਨਾਮ ਦੇਵਦਾਸ ਸੀ, ਰੋਂਦਾ-ਕੁਰਲਾਂਦਾ ਦੀਵਾਨ ਵਿੱਚ ਪੁੱਜਿਆ। ਇਹ ਹੁਸ਼ਿਆਰਪੁਰ ਦੇ ਨੇੜੇ ਦੇ ਇੱਕ ਪਿੰਡ ਦਾ ਰਹਿਣ ਵਾਲਾ ਸੀ। ਗੁਰੂ ਜੀ ਨੇ ਬ੍ਰਾਹਮਣ ਨੂੰ ਚੁੱਪ ਕਰਾ ਕੇ ਰੋਣ ਦਾ ਕਾਰਨ ਪੁੱਛਿਆ। ਬ੍ਰਾਹਮਣ ਕਹਿਣ ਲੱਗਾ, "ਮੈਂ ਮੁਕਲਾਵਾ ਲੈ ਕੇ ਆ ਰਿਹਾ ਸੀ ਕਿ ਮੇਰੀ ਘਰ ਵਾਲੀ ਬ੍ਰਾਹਮਣੀ, ਪਠਾਣਾਂ ਨੇ ਖੋਹ ਲਈ ਹੈ। ਮੈਂ ਬਹੁਤ ਚੀਕ-ਪੁਕਾਰ ਕੀਤੀ ਪਰ ਮੇਰੀ ਕਿਸੇ ਨਾ ਸੁਣੀ। ਉਨ੍ਹਾਂ ਮੈਨੂੰ ਫੜ ਕੇ ਬਹੁਤ ਮਾਰਿਆ ਤੇ ਮੇਰੀ ਘਰ ਵਾਲੀ ਖੋਹ ਕੇ ਚਲਦੇ ਬਣੇ। ਹੁਣ ਮੈਂ ਆਪ ਜੀ ਦੀ ਸ਼ਰਨ ਆਇਆ ਹਾਂ। ਮੇਰੀ ਸਹਾਇਤਾ ਕਰੋ ਤੇ ਮੇਰੀ ਇਸਤਰੀ ਮੈਨੂੰ ਵਾਪਸ ਦਿਵਾਉ।

ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਹੁਕਮ ਕੀਤਾ ਕਿ ਬਸੀ ਦੇ ਪਠਾਣ ਜਾਬਰ ਖਾਂ ਨੇ ਇਸ ਬ੍ਰਾਹਮਣ ਦੀ ਘਰ ਵਾਲੀ ਖੋਹ ਲਈ ਹੈ। ਤੁਸੀਂ ਸਿੰਘਾਂ ਨੂੰ ਲੈ ਕੇ ਜਾਉ ਤੇ ਬਿਜਲੀ ਦੀ ਫੁਰਤੀ ਵਾਂਗੂੰ ਬ੍ਰਾਹਮਣੀ ਨੂੰ ਛੁਡਾ ਕੇ ਇਸ ਦੇ ਹਵਾਲੇ ਕਰੋ। ਜਾਬਰ ਖਾਂ ਨੂੰ ਉਸ ਦੇ ਕੀਤੇ ਦੀ ਕਰੜੀ ਸਜ਼ਾ ਦਿਉ।

ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ 100 ਸਿੰਘਾਂ ਨੂੰ ਨਾਲ ਲਿਆ ਤੇ ਬ੍ਰਾਹਮਣ ਨੂੰ ਆਪਣੇ ਘੋੜੇ 'ਤੇ ਬਿਠਾ ਲਿਆ। ਅਜੇ ਦਿਨ ਨਹੀਂ ਸੀ ਚੜ੍ਹਿਆ ਕਿ ਬਸੀ ਪਠਾਣਾ 'ਤੇ ਜਾ ਪਏ। ਹਵੇਲੀ ਦਾ ਬੂਹਾ ਤੋੜ ਕੇ ਅੰਦਰ ਲੰਘ ਗਏ। ਪਠਾਣਾਂ ਨੇ ਸਿੱਖਾਂ ਨੂੰ ਅੰਦਰ ਆਉਂਦਿਆਂ ਵੇਖ, "ਸਿੱਖ ਆ ਗਏ! ਸਿੱਖ ਆ ਗਏ!!" ਦਾ ਰੌਲਾ ਪਾ ਦਿੱਤਾ। ਕਿਸੇ ਪਠਾਣ ਦਾ ਹੌਂਸਲਾ ਨਹੀਂ ਸੀ ਪੈ ਰਿਹਾ ਕਿ ਸਿੱਖਾਂ ਨਾਲ ਟੱਕਰ ਲੈ ਸਕੇ। ਜਾਬਰ ਖਾਂ ਅੰਦਰਲੇ ਕਮਰੇ ਵਿੱਚ ਲੁਕਿਆ ਹੋਇਆ ਸੀ। ਸਿੱਖਾਂ ਨੇ ਘਬਰਾਏ ਹੋਏ ਜਾਬਰ ਖਾਂ ਨੂੰ ਜਾ ਪਕੜਿਆ।

ਬ੍ਰਾਹਮਣ ਨੇ ਦੋਸ਼ੀ ਜਾਬਰ ਖਾਂ ਨੂੰ ਪਛਾਣ ਲਿਆ ਸੀ। ਬ੍ਰਾਹਮਣੀ ਨੂੰ ਵੀ ਅੰਦਰੋਂ ਲੱਭ ਕੇ ਬ੍ਰਾਹਮਣ ਦੇ ਹਵਾਲੇ ਕੀਤਾ। ਜਾਬਰ ਖਾਂ ਪਠਾਣ ਨੂੰ ਬੰਨ੍ਹ ਕੇ ਘੋੜੇ 'ਤੇ ਬਿਠਾ ਕੇ ਬ੍ਰਾਹਮਣੀ ਸਮੇਤ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ। ਬ੍ਰਾਹਮਣੀ, ਬ੍ਰਾਹਮਣ ਦੇ ਸਪੁਰਦ ਕੀਤੀ ਤੇ ਜਾਬਰ ਖਾਂ ਦੇ ਨੀਚ ਕਰਮਾਂ ਦੀ ਕਰੜੀ ਸਜ਼ਾ ਉਸ ਨੂੰ ਦਿੱਤੀ ਗਈ। ਗੁਰੂ ਸਾਹਿਬ ਜੀ ਸਾਹਿਬਜ਼ਾਦਾ ਅਜੀਤ ਸਿੰਘ ਦੇ ਇਸ ਕਾਰਨਾਮੇ 'ਤੇ ਬਹੁਤ ਖੁਸ਼ ਹੋਏ।

ooo

---

*ਪੰਨਾ 29 ਦਾ ਬਾਕੀ ਹਿੱਸਾ—*

ਦੇਈਂ। ਮੋਹਰਾਂ ਮਿਲਣੀਆਂ ਚਾਹੀਦੀਆਂ ਹਨ। ਹੁਣ ਤੁਸੀਂ ਸੋਚੋਗੇ ਕਿ ਕੀ ਇਸ ਤਰ੍ਹਾਂ ਵੀ ਹੋ ਸਕਦਾ ਹੈ? ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਇਹ ਸਮਾਂ ਬਾਣੀ ਵਿੱਚ ਲਿਖਿਆ ਹੈ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ। ਤਪੇ ਦਾ ਲੋਭ ਦੇਖੋ ਕੀ-ਕੀ ਕਰਦਾ ਹੈ। ਜਿਹੜਾ ਇਸ ਦਾ ਮੁੰਡਾ ਹੈ ਇਸ ਨੇ ਛਾਲ ਮਾਰੀ ਤਾਂ ਲੱਤ ਟੁੱਟ ਗਈ। ਲੋਭ ਹੈ। ਜਦੋਂ ਆਹ ਸਮਾਂ ਵੇਖਿਆ ਮਹਾਰਾਜ ਜੀ ਨੇ ਬਾਣੀ ਵਿੱਚ ਉਹ ਸਮਾਂ ਲਿਖਿਆ ਹੈ:

***ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥***

*(ਅੰਗ ੬੪੩)*

***ਤਪਾ ਨ ਹੋਵੈ ਅੰਦ੍ਰਹੁ ਲੋਭੀ***
***ਨਿਤ ਮਾਇਆ ਨੋ ਫਿਰੈ ਜਜਮਾਲਿਆ॥***

*(ਅੰਗ ੩੧੫)*

ਮਹਾਰਾਜ ਜੀ ਨੇ ਬਾਣੀ ਵਿੱਚ ਕਿਹਾ ਹੈ, ਤਪਾ ਕੌਣ ਹੈ? ਜਿਹੜਾ ਕਦੀ ਅੰਦਰੋਂ ਲੋਭ ਨਾ ਕਰੇ।

***ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ***
***ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ॥***
***ਪੰਚ ਲੋਗ ਸਭਿ ਹਸਣ ਲਗੇ***
***ਤਪਾ ਲੋਭਿ ਲਹਰਿ ਹੈ ਗਾਲਿਆ॥***
***ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ***
***ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥***

*(ਅੰਗ ੩੧੫)*

ਪਹਿਲਾਂ ਤਪਾ ਮੰਨਿਆ ਨਹੀਂ, ਬਾਅਦ ਵਿੱਚ ਪਤਾ ਲੱਗਿਆ ਕਿ ਮੋਹਰਾਂ ਮਿਲਣੀਆਂ ਹਨ, ਪੁੱਤਰ ਨੂੰ ਵੀ ਨਾਲ ਲੈ ਆਇਆ। ਤਪੇ ਦੇ ਲਾਲਚ ਵਸ ਆਉਣ ਕਰਕੇ ਪੁੱਤਰ ਦੀ ਲੱਤ ਟੁੱਟ ਗਈ।

ਗੁਰਸਿੱਖ ਦੀ ਛੇਵੀਂ ਨਿਸ਼ਾਨੀ ਇਹ ਹੈ, ਉਹ ਮਾਇਆ ਦੇ ਲੋਭ ਤੋਂ ਉੱਤੇ ਉੱਠ ਜਾਂਦਾ ਹੈ।

***ਸਭ ਦੂ ਵਡੇ ਭਾਗ ਗੁਰਸਿਖਾ ਕੇ***
***ਜੋ ਗੁਰ ਚਰਣੀ ਸਿਖ ਪੜਤਿਆ॥੧੮॥***

*(ਅੰਗ ੬੪੯)*

ਸਾਧ ਸੰਗਤ ਜੀ, ਪਿਆਰ ਨਾਲ ਕਹਿ ਦਿਓ ਧੰਨ ਧੰਨ ਸ਼ਹੀਦ ਬਾਬਾ ਦੀਪ ਸਿੰਘ ਜੀ। ਬਾਬਾ ਦੀਪ ਸਿੰਘ ਜੀ ਨੇ ਸਿਆਲਕੋਟ ਦਾ ਇਲਾਕਾ ਜਿੱਤਿਆ। ਸਾਰੇ ਵਧਾਈਆਂ ਦਿੰਦੇ ਹਨ। ਬਾਬਾ ਜੀ, ਇਲਾਕੇ ਦੀ ਆਮਦਨ ਬਹੁਤ ਹੈ। ਆਪਾਂ ਜਿੱਤ ਲਿਆ ਹੈ। ਹੁਣ ਵਧੀਆ ਕਾਰਜ ਹੋ ਗਏ। ਸਾਨੂੰ ਆਮਦਨ ਆਵੇਗੀ। ਵੇਖੋ ਇਹ ਹਨ, ਬਾਬਾ ਦੀਪ ਸਿੰਘ ਜੀ। ਇਤਿਹਾਸ ਵਿੱਚ ਮਿਸਾਲ ਪੈਦਾ ਕਰ ਦਿੱਤੀ, ਕਿਹੜੀ? ਬਾਬਾ ਦੀਪ ਸਿੰਘ ਜੀ ਕਹਿੰਦੇ, ਸਿਆਲਕੋਟ ਦਾ ਇਲਾਕਾ ਜਿੱਤਿਆ ਹੈ, ਇਸ ਦੀ ਆਮਦਨ ਅਸੀਂ ਨਹੀਂ ਲੈਣੀ। ਇਸ ਦੀ ਆਮਦਨ ਅਸੀਂ ਨਹੀਂ ਵਰਤਣੀ, ਇਸ ਦੀ ਜਿੰਨੀ ਵੀ ਆਮਦਨ ਹੈ ਉਸ ਨਾਲ ਗੁਰਦੁਆਰਾ ਬੇਰ ਸਾਹਿਬ ਵਿਖੇ 24 ਘੰਟੇ ਲੰਗਰ ਚੱਲੇਗਾ। ਕੈਸੇ ਸਾਡੇ ਬਾਬਾ ਜੀ ਹਨ। ਪਕੜ ਹੈ ਹੀ ਨਹੀਂ। ਇਹ ਪੂਰਨੇ ਲੈਣੇ ਹਨ, ਪਕੜਾਂ ਨੂੰ ਤਿਆਗਣਾ ਹੈ।

ooo

# खीसा कलगियाँ वाले का हाथ बाबा दीप सिंघ जी का

**परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद**

—जसविन्द्र सिंघ (पटियाला)

***जिन प्रेमु कीओ तिन ही प्रभु पाइओ॥९॥२९॥***

धन्य श्री गुरु ग्रंथ साहिब जी के प्यार में जोश से कहो सतिनाम श्री वाहिगुरु जी। कभी कभी धन्य श्री गुरु ग्रंथ साहिब जी के पास चोकड़ा मार कर गुरु साहिब से पूछा करो, बाबा जी, धरती पर बहुत बड़े–बड़े मकान भी है, बच्चे भी है, परिवार भी है ओर जरुरतें भी है। गाड़ियाँ, कारे ओर साधन भी है। कभी पूछो सबसे बड़ी दात कौन सी है? आपको जवाब मिलेगा, इस धरती पर सबसे बड़ी दात है प्रेम। धरती पर जिसकी झोली में ढाई अक्षर प्रेम के पड़ गए। र पैरों में आता है इसलिए ढाई अक्षर कहे है। प्रेम सबसे बड़ी दात क्यों है? यह प्रेम की दात इतनी बड़ी दात है आसा जी की वार में आप रोज पढ़ते व सुनते होगे:

***गुरसिखा की भुख सभ गई***
***तिन पिछै होर खाइ घनेरी॥***

*(अंग ४५१)*

एक समय आ जाता है कहते, गुरसिक्ख की झोली भरनी एक तरफ, उसके चरणों का सदका ओर कितने खाते है। कितनी बड़ी दात है। बाबा नंद सिंघ जी प्रेम वाले पहला बचन करते थे, कहते थे प्रेम इतनी बड़ी दात है जिसको जिंदगी में प्राप्त हो जाए उसकी न तो कोई जीते जी पीठ लगा सकता है और न कोई मरने के बाद पीठ लगा सकता है। उसका कोई बाल भी विंगा नहीं कर सकता :

***जिस दा साहिबु डाढा होइ॥***
***तिस नो मारि न साकै कोइ॥***

*(अंग ८४२)*

अगर आपके पास प्रेम है, आपके घर की कोई हजारों स्कीमें बना ले, गुरु साहिब, शहीद सिंघ उसकी किसी स्कीम को कामयाब नहीं होने देते :

***विचि करता पुरखु खलोआ॥***
***वालु न विंगा होआ॥***

*(अंग ६२३)*

बाबा जी कहते, जिसके पास प्रेम है उसका न तो जीते जी कोई उसका बाल नहीं विंगा कर सकता और न ही कोई मरने के बाद। दूसरा बचन करते थे, प्रेम बारे महापुरुष। कहते जिसको जिंदगी में गुरु से प्रेम की दात मिल जाए, उसने जहाँ भी जाना हो वो बाद में पहुँचता है, धन्य श्री गुरु नानक देव जी ने प्रबंध

पहले ही किए होते हैं। यह कोई बात आप साथ–साथ बाणी में से सुनना चाहो तो सुन सकते हो। जो आप ने बचन सुना है, कि आप बाद में पहुँचते हो, धन्य श्री गुरु नानक देव जी ने प्रबंध पहले ही किए होते है। क्या यह हकीकत है? बाणी में भी लिखा है :

***अचिंत कम्म करहि प्रभ तिन के***
***जिन हरि का नामु पिआरा।।***

*(अंग ६३८)*

जिसको नाम के साथ प्रेम हो गया, प्रेम हो गया, जितना समय गुटका साहिब हाथ में ले कर बाणी पढ़ता है, हर पक्ति पर कलगीयों वाले के दर्शन हुए जाते है, उसकी प्यार भरी सूरत के दर्शन हुए जाते है। बिरती बाहर जाने ही नहीं देता यदि सिमरन करने को दिल करता है, तो भी सूरत कलगीधर पिता जी के चरणों से बाहर जाती ही नहीं। वाहिगुरु वाहिगुरु।

वाहिगुरु शब्द की कमायी को भी अपने गुरु को सम्पर्ण करता है। गुरु तू वाहि है। यदि बर्तन मांजता है, तो भी दस पातशहियों में से जिस पातशाही का ध्यान धरता है, दास ने कलगीधर जी के चरणों का निशाना लिया है ध्यान धरने का। जोत एक ही है। यदि बर्तन भी मांज रहा है, तो अपने गुरु के चरणों में बिरती व प्रेम में अपनी सूरत से बाहर जाने ही नहीं देता। चाहे सिमरन कर रहा है, चाहे सेवा कर रहा है, चाहे कपड़े धो रही है। जिसको प्रेम का किनका मिल जाए, उसने दिन में जहाँ जाना हो, वो बाद में पहुँचता है, धन्य गुरु नानक साहिब ने प्रबंध पहले ही किया होता है। यह इतनी बड़ी दात है, प्रेम की। पर घालना घालनी पड़ेगी।

दास अब बाहर से दीवान में आ रहा था, एक बहन मिली वो कहती कि आप ने दो पाठ श्री सुखमनी साहिब रोज करने के लिए कहे थे पर पाठ होता ही नहीं, शुरुआत ही नहीं होती, मन ही नहीं टिकता। दास ने कहा मन टिके या न टिके गुरबाणी पढ़नी नहीं छोड़नी, लगे रहो घालना जिज्ञासु को घालनी ही पड़ेगी, समय देना ही पड़ेगा।

स. सुंदर सिंघ मजीठिया एक बार बाबा नंद सिंघ जी के पास आए। वो समय भाई वीर सिंघ जी का, रागी हीरा सिंघ जी का तो बाबा जी ने प्यार से पूछ लिया, आपका नितनेम कितना है? तो कहने लगे, पाँच बाणीयों के नित्तनेम के इलावा 10 पाठ श्री जपुजी साहिब के धन्य श्री गुरु नानक देव जी महाराज सेवा लेते है तो बाबा जी ने कहा, शाबाश है पर बाबा जी कहने लगे, पतंग ज्यादा उड़ी हो तो पिन्ना बड़ा चाहिए। कहता समझा नहीं बाबा जी कहने लगे, पाँच बाणीयाँ और दस पाठ श्री जपुजी साहिब शाबाश है पर पतंग बहुत ऊँची हो तो पिन्ना (डोर) बड़ी चाहिए, सुंदर सिंघ मजीठिया कहते जी समझे नहीं। बाबा जी कहते, आप कई संस्थाएँ चला रहे हो ट्रस्ट के प्रधान, कई सोसाइटी के मुखी (मुख्या)। जगत में नाम है पर दस पाठ श्री जपुजी साहिब के पिन्ना छोटा है और कहने लगे, क्या हुक्म है? तो छाती पर हाथ मारकर बाबा नंद सिंघ जी ने कहा कि कुछ खाए बिना प्रातः काल 25 पाठ श्री जपुजी साहिब

जी के करके सुबह नींव बना ले। सुंदर सिंघ हम गुरु कृपा के साथ कहते है जहाँ भी तूने दिन में रूट बनाया होगा, तुम बाद में पहुँचोगे, गुरु नानक साहिब ने प्रबंध पहले किए होगे। प्रेम इतनी बड़ी दात है। प्रेम सिर्फ बातों से ही न हो। समय दो। घालना की जरुरत है। मन जुड़े या न जुड़े पर पाठ करी चल। क्या होगा? पाप की तय उपर से सड़ती जाएगी और पुण्य की तय बढ़ती जाएगी। लगे रहोगे तो पुण्य की तय बढ़ती जाएगी। जब पुण्य की तय बढ़ जाएगी, पापों की तय कम हो जाएगी तो यह निशानी है कि उस दिन से ही तुम्हारा मन जुड़ना शुरु हो जाएगा। जब मन में रस आना शुरु हो जाएगा, समझ लो कि धन्य श्री गुरु नानक देव जी महाराज ने तरस करके पुण्य की तय ऊँची करनी शुरु कर दी है। पाप की तय छोटी हो रही है।

***आखणि अउखा साचा नाउ॥***

*(अंग ६)*

इसका मतलब है कि पाप की तय ऊँची है। बाणी पढ़नी भी मुश्किल लगती है पर जब यहाँ आ जाओगेः

***संतसंगि अंतरि प्रभु डीठा॥***
***नामु प्रभू का लागा मीठा॥***

*(अंग २९३)*

नाम मीठा लगने लग पड़ेगा। इसका मतलब है कि पुण्य की तय ऊँची हो गयी है। यही निशानियाँ है। यदि हम कहेगे कि मन नहीं जुड़ता तो पाठ करने का कोई फायदा नही, मन नहीं जुड़ता तो पाप की तय ओर बढ़ती जाएगी। लगे रहो। महापुरुष कहते थे, जिस को प्रेम की दात मिल जाए, लगा रहे, समय दे, यह इतनी बड़ी दात है, जहाँ जाना हो धन्य श्री गुरु नानक देव जी महाराज प्रबंध भी करते हैं। तीसरा बचन करते थे, बाबा नंद सिंघ जी, कहते प्रेम इतनी बड़ी दात है, यदि जिंदगी में प्रेम प्राप्त हो जाए, तो एक दिन ऐसा आ जाता है कि गुरु दरगाह की चाबियाँ ही दे देता है। यह मेरा विश्वासी पुत्र है। चाबियाँ अब तेरे पास। क्या यह बाबा नंद सिंघ जी कह रहे है? क्या यह कोई रागी सिंघ कह रहा है। बाणी में पढ़ो जी :

***अनहद बाणी पूंजी॥***
***संतन हथि राखी कूंजी॥***

*(अंग ८९३)*

जिसको प्रेम की दात मिल जाए, गुरु नानक साहिब उसको दरगाह की चाबियाँ दे देते हैं। जिस को चाबियाँ मिल जाए यदि दर्शन आज भी करने है, तो चाटीविंड चौंक, बाबा दीप सिंघ जी के स्थान पर चाबियों के दर्शन कर सकते हो। सोमवार, मंगलवार शहीदां साहिब चले जाओ। घड़ी की तरफ देख कर, कोई एक सैकण्ड, आधा सैकण्ड आपको नहीं मिलेगा जिस समय अंदर कोई जा नही रहा। चल सो चल है। यदि कहीं रविवार समय मिले, चाबियाँ देखनी हो, 12 बजे से 4 बजे संगत चोपहरे की हाजरी लगाती है। जो कट्टर आदमी है, सिक्खी के दायरे की समझ नहीं, वो चोपहरे की निंदा भी कर जाते है पर चोपहरे का मतलब ही कुछ समय जिंदगी बिताने के ढ़ग आ जाए। तुम्हारे पिता ने चौकड़े मारे है भौरों में। धन्य श्री

गुरु तेग बहादुर साहिब जी ने। क्या धन्य श्री गुरु गोबिंद सिंघ जी खुश नहीं होंगे कि धन्य श्री गुरु तेग बहादुर जी ने भौरों में तप किया है मेरा सिक्ख भी करे। बात ही तब बनती है जब जिंदगी में जप–तप आ जाए। जिनकी जिंदगी में जप–तप नहीं तो आप हर रोज पढ़ते हो :

***जपु तपु संजमु धरमु न कमाइआ।।***
***सेवा साध न जानिआ हरि राइआ।।***
***कहु नानक हम नीच करम्मा।।***
***सरणि परे की राखहु सरमा।।***

*(अंग १२)*

भाव यदि जप–तप संजम धर्म सेवा नहीं तो फिर हमारे नीच कर्म है, आखिर में फिर विनती है कि सतिगुरु जी मेहर करे हमारे नीच कर्म है, आप जी वो काम करावाओ जिससे आपकी खुशी मिल सके।

***कहु नानक हम नीच करम्मा।।***
***सरणि परे की राखहु सरमा।।***

*(अंग १२)*

यह चोपहरा एक ढंग है जप–तप का। आज वो समय नहीं कि घर में अकेले रह कर कई–कई दिन एक जगह बैठ कर सिमरन बाणी का रस लिया जाए। क्योंकि हर एक की जिंदगी व्यस्त है। परिवार है, कारोबार है, रिश्तेदारी है। जिम्मेवारियाँ है, नहीं समय निकलता ज्यादा। यह तो ढंग है चोपहरे का कि कुछ घंटे गुरु–चरणों में सारे काम छोड़ कर बाणी पढ़नी, सिमरन करना, सेवा करनी ताकि गुरु साहिब जी के बताए रास्तो पर हमारा जीवन भी चल सके। जीवन में यदि जप–तप नहीं करना तो क्या करना है? किया करो। ताकि किसी बहाने हमारी हाजरी लग जाए गुरु साहिब जी के चरणों में।

बात कर रहे थे चाबियों की। कभी इन चाबियों के दर्शन करने हो। दास गुरु साहिब जी की हजूरी में कह रहा है। यह बाबा दीप सिंघ जी का दिन मना रहे हो, सुबह गुरद्वारा शहीद गंज साहिब में 11 बजे तक कीर्तन होता है। 11 से 12 बजे तक कथा और 12 बजे 5 पाठ श्री जपुजी साहिब, 2 पाठ श्री चोपई साहिब के होते है। फिर 2 बजे श्री सुखमनी साहिब का पाठ। कभी जाओ, एक लाख शरीर के हाथ में श्री सुखमनी साहिब का गुटका साहिब पकड़ा होता है। आप अजमायिश के तौर पर किसी से पूछो बहन जी कहाँ से आए है? आपको कोई कहेगा मैं करनाल से आयी हूँ? चोपहरे की हाजरी लगाने के लिए, कोई कहेगा– मैं दिल्ली से आया हूँ चोपहरे में हाजरी लगाने के लिए। कोई आपको कहेगा कि मैं मुंबई से चोपहरे की हाजरी लगाने के लिए आया हूँ। दास हाजिर नाजिर दाते की हजूरी में विनती कर रहा है। अब हम मनसूरवाल से आ रहे है। जहाँ बाबा महां हरनाम सिंघ जी का उस नगर में आगमन हुआ। दास अपनी हाजरी लगवाकर वहाँ से उठा, दो सवा दो बजे। दास जब बाहर आया, जितना समय गाड़ी में बैठने लगे है, मेरे पास एक सिंघ आ गया और कहने लगा, मैं हरखोवाल से हूँ। दास ने कहा, वाहिगुरु जी का

